ਆਪ ਜੀ ਦਾ ਚੰਦਾ ਖਤਮ ਹੈ ਜੀ

ਮਾਸਿਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

ਸਤੰਬਰ ੧੯੯੫ MONTHLY **SURA** LUDHIANA **SEPT. 1995**

ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨ ਸੁਹਾਵਾ ਰਾਮ ਰਾਜੇ॥



ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਗੋਇੰਦਵਾਲ ਸਾਹਿਬ (ਸ੍ਰੀ ਅੰਮ੍ਰਿਤਸਰ)

www.AKJ.Org

ਤ ਰੁਪਏ

## ਤੱਤਕਰਾ


| | | | |
|---|---|---|---|
| ੧ ਕਿਨ ਬਿਧਿ ਸਾਗਰੁ ਤਰੀਐ | ੧ | ੧੧ ਮਲਾਰ ਅਤੇ ਬਸੰਤ ਦੇ ਰੰਗ | ੨੫ |
| ੨ ਅਰਥ ਵਿਆਖਿਆ | ੨ | ੧੨ ਸਾਂਝੀਵਾਲਤਾ ਦਾ ਮਹਾਨ ਗ੍ਰੰਥ | ੨੬ |
| ੩ ਸੱਚੀ ਜੋਗ ਜੁਗਤੀ | ੪ | ੧੩ ਇਕ ਹੋਰ ਖਤਰਾ | ੨੮ |
| ੪ ਪੰਜ-ਖੰਡ | ੬ | ੧੪ ਖਾਜੁ ਹੋਇਆ ਮੁਰਦਾਰ ਗੁਸਾਈ | ੩੦ |
| ੫ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਵੈਰਾਗ | ੯ | ੧੫ ਉਦਮ (ਕਵਿਤਾ) | ੩੧ |
| ੬ ਆਤਮਕ ਮਾਰਗ ਦਾ ਪਾਂਧੀ | ੧੨ | ੧੬ ਜੀਵਨ ਰਸ ਤੇ ਦਰਸਨ ਪਿਆਸ | ੩੨ |
| ੭ AMBROSIAL HOURS (2) | ੧੫ | ੧੭ ਉਦਮ ਕਰੀਏ (ਕਵਿਤਾ) | ੩੬ |
| ੮ ਵਾਰ ਮਾਰੂ ਡਖਣੇ (੪) | ੧੭ | ੧੮ ਕਲਗੀ ਵਾਲੇ ਦੇ ਸਿਪਾਹ ਸਲਾਰ ਨੂੰ | ੩੬ |
| ੯ ਮਰਦ, ਮਰਜੀਵੜੇ ਕੌਮੀ ਪ੍ਰਵਾਨਿਆਂ ਦੀ (ਕਵਿਤਾ) | ੨੦ | ੧੯ ਬਾਪੂ ਜੀ ਤੇ ਬੱਚੇ | ੩੭ |
| ੧੦ ਗੁਰਦੀਖਿਆ – ਅੰਮ੍ਰਿਤ | ੨੧ | | |


### ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

| | | |
|---|---|---|
| ਗੁਰਗੱਦੀ ਦਿਵਸ ਗੁਰੂ ਰਾਮਦਾਸ ਜੀ ੭ ਸਤੰਬਰ | ਜੋਤੀ ਜੋਤ ਗੁਰੂ ਅਮਰਦਾਸ ਜੀ ੯ ਸਤੰਬਰ | ਗੁਰਗੱਦੀ ਦਿਵਸ ਗੁਰੂ ਅੰਗਦ ਦੇਵ ਜੀ ੧੪ ਸਤੰਬਰ |
| ਜੋਤੀ ਜੋਤ ਗੁਰੂ ਨਾਨਕ ਦੇਵ ਜੀ ੧੯ ਸਤੰਬਰ | ਜਨਮ ਬਾਬਾ ਬੁੱਢਾ ਜੀ ੧੨ ਸਤੰਬਰ | ਜਨਮ ਸਾਹਿਬਜ਼ਾਦਾ ਜੁਝਾਰ ਸਿੰਘ ਜੀ ੩੦ ਸਤੰਬਰ |

**"ਸੂਰਾ" ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰਨਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾਉ ਜੀ।**

### ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਿੱਤਨੇਮ ਉਤਸ਼ਾਹਿਤ ਸਕੀਮ

ਹਰ ਸਾਲ ਵਾਂਗ ਇਸ ਸਕੀਮ ਅਧੀਨ ਪ੍ਰਾਇਮਰੀ ਤੋ ਲੈ ਕੇ ਕਾਲਜ ਤੱਕ ਦੀ ਤਾਲੀਮ ਪਾ ਰਹੇ ਅੰਮ੍ਰਿਤਧਾਰੀ ਬੱਚਿਆਂ ਦੀ ਪ੍ਰੀਖਿਆ ਦਿੱਲੀ ਵਿਖੇ ਸਾਲਾਨਾ ਕੀਰਤਨ ਸਮਾਗਮ ਦੌਰਾਨ ਹੋਵੇਗੀ। ਪ੍ਰੀਖਿਆ ਦੇਣ ਦੇ ਚਾਹਵਾਨ ਬੱਚੇ ਲੋੜੀਦੇ ਫਾਰਮ ਹੇਠ ਲਿਖੇ ਪਤੇ ਤੋ ਮੰਗਵਾ ਕੇ ਚੰਗੀ ਤਰ੍ਹਾਂ ਭਰ ਕੇ ਵਾਪਸ ਉਸੇ ਪਤੇ ਤੇ ੨੫ ਸਤੰਬਰ, ੧੯੯੫ ਤੱਕ ਭੇਜ ਦੇਣ। ਪਤਾ : ਸਕੱਤਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰੱਸਟ,
੨੩-ਜੀ, ਸਰਾਭਾ ਨਗਰ, ਲੁਧਿਆਣਾ।

---

### 'ਸੂਰਾ' ਦੇ ਚਲਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧ ਲੁਧਿਆਣਾ– ੧.ਮੁੱਖ ਦਫਤਰ "ਸੂਰਾ"–ਕੋਠੀ ਨੰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨.ਸਬ ਆਫਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।
੨ ਜਲੰਧਰ– ਭਾਈ ਤ੍ਰਿਲੋਕ ਸਿੰਘ ਜੀ, ਮੈ ਸੰਤ ਸਿੰਘ ਤ੍ਰਿਲੋਕ ਸਿੰਘ, ਚੱਕ ਪੰਜ ਪੀਰ।
੩. ਹੁਸ਼ਿਆਰਪੁਰ– ਭਾਈ ਹਰਮਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਹਰਮਿੰਦਰ ਸਿੰਘ, ਬੈਕ ਬਜ਼ਾਰ।
੪. ਪਟਿਆਲਾ– ਭਾਈ ਆਸਾ ਸਿੰਘ ਐਡ ਸੰਨਜ਼, ਨੇੜੇ ਗੁ. ਦੁਖ ਨਿਵਾਰਨ ਸਾਹਿਬ।
੫ ਚੰਡੀਗੜ੍ਹ ਤੇ ਮੋਹਾਲੀ–ਭਾਈ ਫੌਜਿੰਦਰ ਸਿੰਘ ਜੀ, ੫੩੩ ਤ੍ਰ -ਏ ਫੇਜ਼, ਐਸ. ਏ. ਐਸ. ਨਗਰ ਮੋਹਾਲੀ।
੬ ਦਿੱਲੀ– ਭਾਈ ਹਰਦਿੱਤ ਸਿੰਘ ਜੀ, ਏ–੩੫, ਫਤਿਹ ਨਗਰ।
੭. ਸਾਰੇ ਸਮਾਗਮਾਂ ਸਮੇ–ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ ੨, ਕਾਜ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮ ਬਠਿੰਡਾ–ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ ੭੮੧੯, ਨੇੜੇ ਡੰਗਰਾ ਦਾ ਹਸਪਤਾਲ।
੯ ਮੋਗਾ– ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ ਰੋਡ, ਫੋਨ: ੨੪੩੪੮, ੨੧੬੮੧
੧੦ ਅੰਮ੍ਰਿਤਸਰ– ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ:੪੫੭੪੮, ਘਰ:੨੩੧੫੨੦
੧੧ ਯਮੁਨਾਨਗਰ–ਸ੍ਰ ਪ੍ਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿਨ ਕੋਡ–੧੩੫੦੦੧ ਫੋਨ ੨੬੨੧੭
੧੨ ਸੰਗਰੂਰ–੧. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ– ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆ, ਚੱਡਾ ਖੂਹ ਨੇੜੇ ਗੁ. ਪਾ. ੬
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾ ਦੇ 50/, 100/, 150/, ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋ ਜਲਦੀ 'ਸੂਰਾ' ਦਫਤਰ ਭੇਜ ਦੇਣ ਜਾ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ। ਸੰਪਾਦਕ

#### ਵਿਦੇਸ਼ਾ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਡ–ਭਾਈ ਗੁਰਨਾਮ ਸਿੰਘ ਜੀ ੧੦–Ambourne Gardens, Early Reading, Berks U.K. Tel. 0734-616902.
੨ ਅਮਰੀਕਾ–ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : ੧੮੦੦੭੨੨੬੨੧੨
੩ ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ ਫੋਨ : ੧੭੦੦੬੬੩੦੨੨੪
੪ ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧
੫ ਨੀਉਜ਼ੀਲੈਡ – ਭਾਈ ਪਿਆਰਾ ਸਿੰਘ ਜੀ ਫੋਨ : ੦੬੯੨੭੬੪੩੨੨

**ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।**

---

#### ਮੇਖ ਰਹਿਤ ਸੂਰਾ

ਵਿਦੇਸ਼ਾ ਵਿੱਚ ਰਹਿੰਦੇ ਵੀਰ, ਭੈਣਾ ਜੋ ਆਪਣੇ ਪਰਿਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿੱਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਐਡਰੇਸ (ਪਤਾ) ਲਿਖ ਕੇ ਭੇਜਣ, ਉਹਨਾ ਨੂੰ "ਸੂਰਾ" ਹਰ ਮਹੀਨੇ ਮੇਖ ਰਹਿਤ ਪੁਹੰਚਦਾ ਰਹੇਗਾ।

ਦਾਸਨ ਦਾਸ,
ਭਾਈ ਜੀਵਨ ਸਿੰਘ, ੧੦੩੦, ਹੈਮਿਲਟਨ ਰੋਡ, ਵੈਨਕੂਵਰ (ਕਨੇਡਾ)
Canada (B.C.) V6-B2-R-9 Tel.: 18006 30224


ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ–ਫੋਨ: ੫੩੩੦੯੮ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨– ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।


www.AKJ.Org

# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਸਤੰਬਰ-੧੯੯੫ ਅੰਕ ੯



| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


*ਆਸਾ ਵਿਚਿ ਅਤਿ ਦੁਖੁ ਘਣਾ, ਮਨਮੁਖਿ ਚਿਤੁ ਲਾਇਆ।।*
*ਗੁਰਮੁਖਿ ਭਏ ਨਿਰਾਸ, ਪਰਮ ਸੁਖੁ ਪਾਇਆ।।*
*ਵਿਚੇ ਗਿਰਹ ਉਦਾਸ, ਅਲਿਪਤ ਲਿਵ ਲਾਇਆ।।*
*ਓਨਾ ਸੋਗੁ ਵਿਜੋਗੁ ਨ ਵਿਆਪਈ, ਹਰਿ ਭਾਣਾ ਭਾਇਆ।।*
*ਨਾਨਕ ਹਰਿ ਸੇਤੀ ਸਦਾ ਰਵਿ ਰਹੇ,*
*ਧੁਰਿ ਲਏ ਮਿਲਾਇਆ।।੩੧।।* *(ਪੰਨਾ ੧੨੪੯)*

## ਕਿਨ ਬਿਧਿ ਸਾਗਰੁ ਤਰੀਐ

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ, ਦਰਾ ਭੀਤਰਿ ਦਰੁ ਕਵਨੁ ਲਹੈ।।
ਜਿਸੁ ਦਰ ਕਾਰਣਿ ਫਿਰਾ ਉਦਾਸੀ, ਸੋ ਦਰੁ ਕੋਈ ਆਇ ਕਹੈ।।੧।।
ਕਿਨ ਬਿਧਿ ਸਾਗਰੁ ਤਰੀਐ।। ਜੀਵਤਿਆ ਨਹ ਮਰੀਐ।।੧।। ਰਹਾਉ।।
ਦੁਖੁ ਦਰਵਾਜਾ ਰੋਹ ਰਖਵਾਲਾ, ਆਸਾ ਅੰਦੇਸਾ ਦੁਇ ਪਟ ਜੜੇ।।
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ, ਸਤ ਕੈ ਆਸਣਿ ਪੁਰਖੁ ਰਹੈ।।੨।।
ਕਿੰਤੇ ਨਾਮਾ ਅੰਤੁ ਨ ਜਾਣਿਆ, ਤੁਮ ਸਰਿ ਨਾਹੀ ਅਵਰੁ ਹਰੇ।।
ਊਚਾ ਨਹੀ ਕਹਿਣਾ ਮਨ ਮਹਿ ਰਹਿਣਾ, ਆਪੇ ਜਾਣੈ ਆਪਿ ਕਰੇ।।੩।।
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ।।
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ।।੪।।
ਇਨ ਬਿਧਿ ਸਾਗਰੁ ਤਰੀਐ।। ਜੀਵਤਿਆ ਇਉ ਮਰੀਐ।।੧।। ਰਹਾਉ ਦੂਜਾ।।੧।।

(ਰਾਮਕਲੀ ਮ: ੧, ਪੰਨਾ ੮੭੭)

**ਪਦ ਅਰਥ** :- ਜਿਤੁ ਦਰਿ - ਜਿਸ ਦਰ ਵਿੱਚ, ਜਿਸ ਥਾਂ ਵਿੱਚ। ਵਸਹਿ - ਵਸਦਾ ਹੈ। ਕਵਨੁ ਦਰਿ - ਕਿਹੜੀ ਥਾਂ। ਦਰਾ ਭੀਤਰਿ ਦਰੁ - ਥਾਵਾਂ ਵਿੱਚ ਥਾਂ (ਗੁਪਤ ਥਾਂ)। ਕਵਨੁ ਲਹੈ - ਕੌਣ ਲੱਭ ਸਕਦਾ ਹੈ? ਆਇ ਕਹੈ - ਆ ਕੇ ਦੱਸੇ।੧।

ਕਿਨ ਬਿਧਿ - ਕਿਨ੍ਹਾਂ ਬਿਧਾਂ (ਤਰੀਕਿਆਂ) ਨਾਲ। ਨਹ ਮਰੀਐ - ਮਰਿਆ ਨਹੀਂ ਜਾ ਸਕਦਾ।੧। ਰਹਾਉ।

ਰੋਹੁ-ਕ੍ਰੋਧ। ਰਖਵਾਲਾ- ਰਾਖਾ। ਅੰਦੇਸਾ-ਚਿੰਤਾ, ਫਿਕਰ। ਪਟ-ਤਖਤੇ। ਮਾਇਆ ਜਲੁ-ਮਾਇਆਂ ਦੀ ਆਬ (ਚਮਕ)। ਸਤ-ਸ਼ਾਤੀ, ਸਹਿਜ ਅਵਸਥਾ। ਪੁਰਖੁ-ਪ੍ਰਭੂ।੨।

ਕਿੰਤੇ-ਕਿਤਨੇ ਹੀ। ਸਰਿ-ਬਰਾਬਰ। ਊਚਾ-ਉਚਾ ਬੋਲ ਕੇ।੩।

ਅੰਦੇਸਾ- ਚਿੰਤਾ, ਫਿਕਰ, ਸਹਿਮ। ਕਿਉ ਕਰਿ-ਕਿਵੇਂ? ਨਿਰਾਸਾ-ਨਿਰਆਸਾ, ਆਸਾਂ ਤੋਂ ਨਿਰਲੇਪ। ਤਉ-ਤਦੋਂ।੪।

ਸਾਗਰੁ-ਸੰਸਾਰ ਸਮੁੰਦਰ। ਜੀਵਤਿਆ-ਜੀਉਂਦਿਆਂ ਹੀ। ਇਉਂ-ਇਸ ਤਰ੍ਹਾਂ।੧। ਰਹਾਉ ਦੂਜਾ।੩।



www.AKJ.Org

# ਅਰਥ ਵਿਆਖਿਆ

**ਅਰਥ** :- ਸੰਸਾਰ-ਸਮੁੰਦਰ ਤੋਂ ਕਿਨ੍ਹਾਂ ਤਰੀਕਿਆਂ ਨਾਲ ਪਾਰ ਲੰਘੀਏ ? ਜੀਉਂਦਿਆਂ ਮਰਿਆ ਨਹੀਂ ਜਾ ਸਕਦਾ।੧। ਰਹਾਉ।

ਹੇ ਪ੍ਰਭੂ ! ਜਿਸ ਥਾਂ ਤੂੰ ਵਸਦਾ ਹੈਂ ਉਹ ਥਾਂ ਬਿਆਨ ਨਹੀਂ ਹੋ ਸਕਦਾ, ਕੋਈ ਵਿਰਲਾ ਹੀ ਉਸ ਗੁਪਤ ਥਾਂ ਨੂੰ ਲੱਭ ਸਕਦਾ ਹੈ। ਜਿਸ ਥਾਂ ਪ੍ਰਭੂ ਵਸਦਾ ਹੈ ਉਹ ਥਾਂ ਪ੍ਰਾਪਤ ਕਰਨ ਵਾਸਤੇ ਮੈਂ ਚਿਰਾਂ ਤੋਂ ਲੱਭਦਾ ਫਿਰਦਾ ਹਾਂ। ਕੋਈ ਗੁਰਮੁਖਿ ਆ ਕੇ ਮੈਨੂੰ ਉਹ ਥਾਂ ਦੱਸੇ।੧।

ਸਰਬ-ਵਿਆਪਕ ਪ੍ਰਭੂ ਸ਼ਾਤ (ਸਹਿਜ) ਅਵਸਥਾ ਦੇ ਆਸਣ ਉਤੇ ਮਨੁੱਖ ਦੇ ਹਿਰਦੇ ਵਿੱਚ ਇਕ ਐਸੇ ਘਰ ਵਿੱਚ ਬੈਠਾ ਹੋਇਆ ਹੈ ਜਿਸ ਦੇ ਬਾਹਰ ਦੁੱਖ ਰੂਪ ਦਰਵਾਜ਼ਾ ਹੈ, ਜਿਸ ਦਾ ਰਾਖਾ ਕ੍ਰੋਧ ਹੈ, ਆਸਾ ਤੇ ਸਹਿਮ ਉਸ ਦਰਵਾਜ਼ੇ ਦੇ ਦੋ ਭਿੱਤ (ਤਖਤੇ) ਲੱਗੇ ਹੋਏ ਹਨ, ਮਾਇਆ ਦੀ ਖਿੱਚ ਉਸ ਦੇ ਦੁਆਲੇ ਇੱਕ ਪ੍ਰਕਾਰ ਦੀ ਖਾਈ ਪੁੱਟੀ ਹੋਈ ਹੈ ਜਿਸ ਵਿੱਚ ਵਿਸ਼ੇ ਵਿਕਾਰਾਂ ਦਾ ਪਾਣੀ ਭਰਿਆ ਹੋਇਆ ਹੈ। ਉਸ ਪਾਣੀ ਵਿੱਚ ਮਨੁੱਖ ਦਾ ਹਿਰਦਾ ਰੂਪ ਘਰ ਬਣਿਆ ਹੋਇਆ ਹੈ।੨।

ਹੇ ਪ੍ਰਭੂ ! ਤੇਰੇ ਕਈ ਨਾਮ ਹਨ ਪਰ ਕਿਸੇ ਨਾਮ ਦੇ ਰਾਹੀਂ ਤੇਰੇ ਸਾਰੇ ਗੁਣਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਹੇ ਹਰੀ ! ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਉੱਚਾ ਬੋਲ ਕੇ ਦੱਸਣ ਦੀ ਵੀ ਲੋੜ ਨਹੀਂ ਹੈ, ਮਨ ਹੀ ਮਨ ਵਿੱਚ (ਅੰਤਰ ਆਤਮੇ) ਹੀ ਟਿਕੇ ਰਹਿਣਾ ਚਾਹੀਦਾ ਹੈ। ਪ੍ਰਭੂ ਸਭ ਦੇ ਦਿਲਾਂ ਦੀ ਆਪ ਹੀ ਜਾਣਦਾ ਹੈ ਅਤੇ ਆਪ ਹੀ ਸਭ ਕੁਝ ਕਰ ਰਿਹਾ ਹੈ।੩।

ਜਦ ਤਕ ਜੀਵ ਦੇ ਮਨ ਵਿੱਚ ਮਾਇਆ ਦੀਆਂ ਆਸਾਂ ਹਨ ਤਦ ਤਕ ਸਹਿਮ ਤੇ ਫਿਕਰ ਹਨ। ਸਹਿਮਾਂ ਫਿਕਰਾਂ ਵਿੱਚ ਰਹਿ ਕੇ ਜੀਵ ਕਿਸੇ ਤਰਾਂ ਵੀ ਪ੍ਰਭੂ ਨੂੰ ਸਿਮਰ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਨਾਨਕ ਮੋਹਰ-ਛਾਪ ਹੇਠ ਬਿਆਨ ਕਰਦੇ ਹਨ ਕਿ ਜਦੋਂ ਮਨੁੱਖ ਆਸਾ ਵਿੱਚ ਰਹਿੰਦਾ ਹੋਇਆ ਹੀ ਆਸਾਂ ਤੋਂ ਨਿਰਲੇਪ ਹੋ ਜਾਂਦਾ ਹੈ ਤਾਂ ਉਸ ਨੂੰ ਪਰਮਾਤਮਾ ਮਿਲ ਪੈਂਦਾ ਹੈ।੪।

ਮਾਇਆ ਵਿੱਚ ਰਹਿੰਦੇ ਹੋਏ ਹੀ ਮਾਇਆ ਤੋਂ ਨਿਰਲੇਪ ਰਹਿਣ ਦਾ ਗੁਰ (ਫਾਰਮੂਲਾ) ਗੁਰੂ ਜੀ ਨੇ ਦੱਸਿਆ ਹੈ। ਇਸੇ ਢੰਗ (ਤਰੀਕੇ) ਨਾਲ ਹੀ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਈਦਾ ਹੈ ਅਤੇ ਇਉਂ ਹੀ ਜੀਉਂਦਿਆਂ ਮਰੀਦਾ ਹੈ।੧। ਰਹਾਉ ਦੂਜਾ।੩।

**ਵਿਆਖਿਆ**:- ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੇ ਪਹਿਲੇ ਰਹਾਉ ਵਾਲੇ ਬੰਦ ਵਿੱਚ ਸਵਾਲ ਕੀਤਾ ਹੈ-

**ਕਿਨ ਬਿਧਿ ਸਾਗਰੁ ਤਰੀਐ ?**

ਭਾਵ ਕਿਨ੍ਹਾਂ ਤਰੀਕਿਆ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘੀਏ ?

ਦੂਜੇ ਰਹਾਉ ਵਾਲੇ ਬੰਦ ਵਿੱਚ ਇਸ ਸਵਾਲ ਦੇ ਜਵਾਬ ਵਜੋਂ ਕਹਿੰਦੇ ਹਨ-

**"ਇਨ ਬਿਧਿ ਸਾਗਰੁ ਤਰੀਐ"**

ਪਹਿਲੇ "ਰਹਾਉ" ਵਿੱਚ ਕਿਹਾ ਗਿਆ ਹੈ- "**ਜੀਵਤਿਆ ਨਹ ਮਰੀਐ**" ਭਾਵ ਜੀਉਂਦਿਆਂ ਮਰ ਨਹੀਂ ਹੁੰਦਾ। ਦੂਜੇ "ਰਹਾਉ" ਵਿੱਚ ਗੁਰੂ ਸਾਹਿਬ ਕਹਿੰਦੇ ਹਨ- "**ਜੀਵਤਿਆ ਇਉ ਮਰੀਐ।**" ਜੀਉਂਦਿਆਂ ਕਿਵੇਂ ਮਰੀਦਾ ਹੈ? ਗੁਰੂ ਸਾਹਿਬ ਦੱਸਦੇ ਹਨ- "**ਆਸਾ ਭੀਤਰਿ ਰਹੈ ਨਿਰਾਸਾ**" ਭਾਵ ਮਨੁੱਖ ਮਾਇਆ ਵਿੱਚ ਰਹਿੰਦਾ ਹੋਇਆ ਹੀ ਮਾਇਆ ਤੋਂ ਨਿਰਲੇਪ ਰਹੇ। ਇਹੋ ਢੰਗ ਗੁਰੂ ਜੀ ਨੇ ਸੰਸਾਰ-ਸਮੁੰਦਰ ਨੂੰ ਪਾਰ ਕਰਨ ਅਤੇ ਜੀਉਂਦਿਆਂ ਮਰਨ ਦਾ ਦੱਸਿਆ ਹੈ।

ਮਨੁੱਖ ਆਸਾਂ ਉਮੀਦਾਂ ਤੇ ਹੀ ਤਾਂ ਜੀਉਂਦਾ ਹੈ, ਮੇਰੇ ਪੁੱਤਰ ਹੋਏਗਾ, ਵੱਡਾ ਹੋ ਕੇ ਪੜ੍ਹ ਲਿਖ ਕੇ ਚੰਗੀ ਨੌਕਰੀ ਤੇ ਲੱਗੇਗਾ, ਕਮਾਈ ਕਰ ਕੇ ਧਨ ਦੌਲਤ ਘਰ ਲਿਆਏਗਾ, ਅਸੀਂ ਸੋਹਣੀ ਕੋਠੀ ਪਾਵਾਂਗੇ, ਕਾਰ ਖ੍ਰੀਦਾਂਗੇ, ਪੁੱਤਰ ਦਾ ਗੱਜ ਵੱਜ ਕੇ ਵਿਆਹ ਕਰਾਂਗੇ, ਨੂੰਹ ਰਾਣੀ ਘਰ ਆਏਗੀ, ਲੋਕੀਂ ਸਰਦਾਰ ਜੀ, ਸਰਦਾਰ ਜੀ ਕਰਦੇ ਅੱਗੇ ਪਿੱਛੇ ਫਿਰਨਗੇ, ਗਲੀ ਮੁਹੱਲੇ ਸਾਡਾ ਨਾਮ ਉੱਚਾ ਹੋਏਗਾ ਤੇ ਅਸੀਂ ਸ਼ਾਹਾਨਾ ਠਾਠ ਨਾਲ ਜ਼ਿੰਦਗੀ ਬਸਰ ਕਰਾਂਗੇ। ਇਨ੍ਹਾਂ ਆਸਾਂ ਉਮੀਦਾਂ ਵਿੱਚ ਹੀ ਲੋਕਾਂ ਦੀ ਬਹੁ-ਗਿਣਤੀ ਖੱਚਤ ਹੋਈ ਆਪਣੇ ਅਸਲੀ ਜੀਵਨ ਮਨੋਰਥ (ਗੋਬਿੰਦ ਮਿਲਣ) ਨੂੰ ਭੁੱਲ ਕੇ ਆਪਣੀ ਉਮਰ ਭੋਗ ਕੇ ਇਸ ਸੰਸਾਰ ਤੋਂ ਚਲਦੀ ਬਣਦੀ ਹੈ। ਜਿਹੜੇ ਮਨੁੱਖ ਸੱਚੇ ਗੁਰੂ ਦੀ ਕਿਰਪਾ, ਸਦਕਾ ਮਾਇਆ ਵਿੱਚ ਖੱਚਤ ਨਹੀਂ ਹੁੰਦੇ, ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ, ਧਰਮ ਦੀ ਕਿਰਤ ਕਰਦੇ, ਨਾਮ ਜਪਦੇ ਤੇ ਵੰਡ ਛਕਦੇ ਹਨ, ਉਹ ਆਪਣਾ ਜਨਮ ਸਫਲਾ ਕਰ ਕੇ, ਬਾਜੀ ਜਿੱਤ ਕੇ ਉਜਲ ਮੁੱਖ (ਸੁਰਖ-ਰੂ) ਲੈ ਕੇ ਪ੍ਰਭੂ ਦੀ ਦਰਗਾਹ ਵਿੱਚ ਜਾਂਦੇ ਹਨ, ਚੋਰਾਂ ਵਾਂਗ ਜਮ-ਪੁਰੀ ਵਿੱਚ ਰੱਸਿਆਂ ਨਾਲ ਬੱਧੇ ਹੋਏ ਜਮਾਂ ਦੇ ਡੰਡੇ ਨਹੀ ਸਹਿੰਦੇ।

**ਗੁਰਮੁਖਿ ਦਰਗਹ ਸੁਰਖ-ਰੂ, ਮਨਮੁਖਿ ਜਮਪੁਰਿ ਡੰਡ ਸਹੰਦੇ।**

(ਭਾਈ ਗੁਰਦਾਸ ਜੀ, ਵਾਰ ੫/੧੫)

ਗੁਰੂ ਕੇ ਸਿੱਖਾਂ ਵਾਸਤੇ ਸਤਿਗੁਰੂ ਜੀ ਦਾ ਉਪਦੇਸ਼ ਹੈ -



www.AKJ.Org

"ਆਸਾ ਭੀਤਰਿ ਰਹੈ ਨਿਰਾਸਾ।" (ਪੰਨਾ ੮੭੭)

ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਗੁਰੂ ਕਾ ਸਿੱਖ "ਆਸਾ ਵਿਚਿ ਨਿਰਾਸੁ ਵਲਾਏ" ਭਾਵ ਮਾਇਕ ਝਮੇਲਿਆਂ ਵਿੱਚ ਖੱਚਤ ਨਾ ਹੋਵੇ, ਨਿਰ-ਆਸ ਅਰਥਾਤ ਨਿਰਲੇਪ ਰਹਿ ਕੇ ਝੱਟ ਲੰਘਾਏ, ਮਾਇਆ ਦੇ ਰਸਾਂ ਕਸਾਂ ਵਿੱਚ ਨਾ ਫਸੇ, ਥੋਹੜਾ ਖਾਵੇ, ਥੋਹੜਾ ਸੌਂਵੇ ਤੇ ਥੋਹੜਾ ਬੋਲੇ, ਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਬਤੀਤ ਕਰੇ।

ਮਨ ਦੀਆਂ ਆਸਾਂ ਤੇ ਫੁਰਨੇ ਮਨੁੱਖ ਲਈ ਪ੍ਰਭੂ ਪ੍ਰੀਤ ਵਿੱਚ ਰੁਕਾਵਟਾਂ ਪੈਦਾ ਕਰਦੇ ਹਨ। ਜਿੰਨੀ ਦੇਰ ਤੱਕ ਮਨ ਦੇ ਫੁਰਨੇ ਬੰਦ ਨਹੀਂ ਹੁੰਦੇ, ਅਫੁਰ ਅਵਸਥਾ ਨਹੀਂ ਬਣਦੀ, "ਸ਼ਬਦ" ਵਿੱਚ ਸੁਰਤ ਟਿਕ ਹੀ ਨਹੀਂ ਸਕਦੀ, ਸ਼ਬਦ ਸੁਰਤਿ ਦਾ ਮੇਲ ਹੋ ਹੀ ਨਹੀਂ ਸਕਦਾ। ਜਿੰਨੀ ਦੇਰ ਤੱਕ "ਚਰਨਾਂ" (ਸ਼ਬਦ) ਨਾਲ ਲਿਵ ਨਹੀਂ ਲਗਦੀ, ਪ੍ਰੀਤਮ ਦੇ ਦੇਸ਼ ਪਹੁੰਚਿਆ ਹੀ ਨਹੀਂ ਜਾ ਸਕਦਾ। ਚੇਲਾ (ਸੁਰਤਿ) ਗੁਰੂ (ਸ਼ਬਦ) ਦੀ ਉਂਗਲੀ ਫੜੇਗਾ, ਤਾਂਹੀਓਂ "ਨਿਜ-ਘਰ" ਅੱਪੜੇਗਾ। ਸੁਰਤਿ, ਸ਼ਬਦ ਰੂਪ ਜਹਾਜ਼ ਤੇ ਸਵਾਰ ਹੋਏਗੀ ਤਾਂਹੀਓਂ ਪ੍ਰੀਤਮ ਦੇ ਦੇਸ ਪੁੱਜੇਗੀ, ਹਾਂ ਹਾਂ ਸੰਸਾਰ-ਸਮੁੰਦਰ ਪਾਰ ਕਰ ਸਕੇਗੀ।

"ਆਸਾ ਭੀਤਰਿ ਰਹੈ ਨਿਰਾਸਾ, ਤਉ ਨਾਨਕ ਏਕ ਮਿਲੈ।"
"ਇਨ ਬਿਧਿ ਸਾਗਰੁ ਤਰੀਐ।। ਜੀਵਤਿਆ ਇਉ ਮਰੀਐ।।"

ਮਾਇਆ ਪਈ ਛਣ ਛਣ ਕਰਦੀ ਆਲੇ ਦੁਆਲੇ ਚੱਕਰ ਕੱਟਦੀ ਫਿਰੇ, ਉਸ ਵੱਲ ਅੱਖ ਚੁੱਕ ਕੇ ਦੇਖੇ ਹੀ ਨਾਂ, ਚਿੱਕੜ ਕੋਲੋਂ ਪਰੇ ਦੀ ਹੋ ਕੇ ਲੰਘ ਜਾਵੇ, ਆਪਣੇ ਕੱਪੜਿਆਂ ਨੂੰ ਲਿੱਬੜਨ ਹੀ ਨਾ ਦੇਵੇ। "ਸ਼ਬਦ" ਨਾਲ ਲਿਵ ਲਾਈ ਰੱਖੇ।

ਬੇਅੰਤ ਪ੍ਰਭੂ ਦਾ ਕੋਈ ਅੰਤ ਨਹੀਂ ਪਾ ਸਕਦਾ। ਉਸ ਦੇ ਅਨੇਕ ਨਾਮ ਹਨ, ਉਸ ਵਰਗਾ ਹੋਰ ਵੀ ਕੋਈ ਨਹੀਂ ਪਰ ਗੁਰਮੁਖਾਂ ਨੇ ਤਾਂ "ਸਤਿਨਾਮ" ਦਾ ਹੀ ਪੱਲਾ ਫੜ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਥਾਂ ਪ੍ਰਭੂ ਪ੍ਰੀਤਮ ਰਹਿੰਦਾ ਹੈ ਉਹ ਥਾਂ ਕਿਹੋ ਜਿਹਾ ਹੈ, ਉਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ? ਮੈਨੂੰ ਕੋਈ ਆ ਕੇ ਪਤਾ ਦੱਸੇ, ਮੈਂ ਲੱਭਦਾ ਲੱਭਦਾ ਉਦਾਸ ਹੋਇਆ ਫਿਰਦਾ ਹਾਂ।

ਇਸ ਸ਼ਬਦ ਦੇ ਦੂਜੇ ਬੰਦ ਵਿੱਚ ਗੁਰੂ ਸਾਹਿਬ ਆਪ ਹੀ ਬਿਆਨ ਕਰਦੇ ਹਨ ਕਿ ਸਰਵ ਵਿਆਪਕ ਪ੍ਰਭੂ ਸਾਡੇ ਹਿਰਦੇ ਰੂਪ ਘਰ ਵਿੱਚ ਸ਼ਾਂਤ ਚਿੱਤ ਆਸਣ ਲਾਈ ਬੈਠਾ ਹੈ।

ਰਾਜੇ ਮਹਾਂਰਾਜੇ ਆਪਣੇ ਕਿਲ੍ਹੇ ਰੂਪ ਘਰ ਦੁਆਲੇ ਖਾਈ (ਖਾਲ) ਪੁੱਟ ਕੇ ਅਤੇ ਉਸ ਵਿੱਚ ਪਾਣੀ ਭਰ ਕੇ ਰੱਖਦੇ ਸਨ ਤਾਂ ਜੋ ਕੋਈ ਬਾਹਰਲਾ ਬੰਦਾ ਉਨ੍ਹਾਂ ਦੇ ਕਿਲ੍ਹੇ ਅੰਦਰ ਨਾ ਆ ਸਕੇ। ਕਿਲ੍ਹੇ ਦੇ ਅੱਗੇ ਵੱਡਾ ਸਾਰਾ ਦਰਵਾਜ਼ਾ ਹੋਇਆ ਕਰਦਾ ਸੀ ਜਿਸ ਦੇ ਦੋ ਪੱਟ (ਤਖ਼ਤੇ) ਹੋਇਆ ਕਰਦੇ ਸਨ। ਰਖਵਾਲੀ ਵਾਸਤੇ ਚੌਕੀਦਾਰ (ਦਰਬਾਨ) ਹੋਇਆ ਕਰਦਾ ਸੀ। ਗੁਰੂ ਸਾਹਿਬ ਅਜੇਹੇ ਕਿਲ੍ਹਾ ਰੂਪ ਘਰ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਬਿਆਨ ਕਰਦੇ ਹਨ ਕਿ ਮਨੁੱਖ ਦੇ ਹਿਰਦੇ ਰੂਪ ਘਰ ਦੁਆਲੇ ਵੀ ਵਿਸ਼ੇ ਵਿਕਾਰਾਂ ਨਾਲ ਭਰੇ ਹੋਏ ਪਾਣੀ ਦੀ ਮਾਇਆ ਰੂਪ ਖਾਈ ਹੈ, ਦੁੱਖ ਰੂਪ ਦਰਵਾਜ਼ੇ ਦੇ ਆਸਾ ਤੇ ਅੰਦੇਸਾ (ਸਹਿਮ) ਰੂਪ ਦੇ ਤਖ਼ਤੇ ਹਨ ਅਤੇ ਕ੍ਰੋਧ ਉਸ ਦਰਵਾਜ਼ੇ ਦਾ ਰਾਖਾ ਹੈ।

ਇਸ ਦ੍ਰਿਸ਼ਟਾਂਤ ਰਾਹੀਂ ਗੁਰੂ ਸਾਹਿਬ ਸਾਨੂੰ ਸਮਝਾਉਂਦੇ ਹਨ ਕਿ ਮਹਾਂਰਾਜ (ਅਕਾਲ ਪੁਰਖ) ਕੋਲ ਕੋਈ ਗੈਰ ਬੰਦਾ ਨਹੀਂ ਪਹੁੰਚ ਸਕਦਾ, ਉਸ ਨੂੰ ਮਾਇਆ ਦੀ ਖਿੱਚ ਹੀ ਘੇਰ ਲਏਗੀ। ਜੇ ਉਹ ਫਿਰ ਵੀ ਅਗਾਂਹ ਵੱਧਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਵਿਸ਼ੇ ਵਿਕਾਰਾਂ ਦੀ ਖਾਈ ਵਿੱਚ ਜਾ ਡਿੱਗੇਗਾ। ਜੇ ਉਸ ਵਿੱਚੋਂ ਨਿਕਲ ਕੇ ਬੂਹੇ (ਦਰਵਾਜ਼ੇ) ਵੱਲ ਚਲਾ ਗਿਆ ਤੂਾਂ ਕ੍ਰੋਧ ਰੂਪ ਰਾਖੇ ਨੇ ਉਸ ਦੀ ਪੇਸ਼ ਨਹੀਂ ਜਾਣ ਦੇਣੀ। ਆਸਾ ਅੰਦੇਸਾ ਵਿੱਚ ਫਸਿਆ ਹੋਇਆ ਅਤੇ ਦੁੱਖਾਂ ਦਾ ਘੇਰਿਆ ਹੋਇਆ ਜੀਵ ਮਹਾਂਰਾਜੇ ਤੱਕ ਅੱਪੜ ਹੀ ਨਹੀਂ ਸਕਦਾ। ਜਿੰਨੀ ਦੇਰ ਤੱਕ ਜੀਵ ਮਾਇਆ ਦੇ ਚੱਕਰਾਂ ਵਿੱਚ ਫਸਿਆ ਬੈਠਾ ਹੈ ਪ੍ਰਭੂ ਪ੍ਰੀਤਮ ਨੂੰ ਮਿਲ ਹੀ ਨਹੀਂ ਸਕਦਾ।

ਜਿਨ੍ਹਾਂ ਗੁਰਮੁਖ ਪਿਆਰਿਆਂ ਦੀ ਰਾਮ ਰਾਜੇ (ਅਕਾਲ ਪੁਰਖ) ਨਾਲ ਦੋਸਤੀ ਪੈ ਜਾਂਦੀ ਹੈ ਉਨ੍ਹਾਂ ਦਾ ਬਿਨਾਂ ਰੋਕ ਟੋਕ ਕਿਲ੍ਹੇ (ਸੋ ਦਰੁ) ਅੰਦਰ ਆਣਾ ਜਾਣਾ ਬਣ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਪ੍ਰਭੂ ਪ੍ਰੀਤਮ ਤੱਕ ਪਹੁੰਚਣ ਅਤੇ ਉਸਨੂੰ ਮਿਲਣ ਦਾ ਸੌਖਾ ਤੇ ਸਿੱਧਾ ਰਸਤਾ ਇਉਂ ਬਿਆਨ ਕਰਦੇ ਹਨ-

"ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ।।੪।।"

ਆਓ ! ਅਸੀਂ ਭੀ ਇਹ ਜੁਗਤ ਅਪਨਾਈਏ !

*****

ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿਖ ਦਾ ਬੇਟਾ ਹੋਏ ਔਰ ਮੋਨਾ ਹੋਇ ਜਾਵੇ ਤਿਸ ਕੀ ਜੜ੍ਹ ਸੁੱਕੀ, ਔਰ ਜੋ ਮੋਨਾ ਸਿਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ।
(ਭਾਈ ਨੰਦ ਲਾਲ (ਸਿੰਘ) ਜੀ)


www.AKJ.Org

# ਸੱਚੀ ਜੋਗ ਜੁਗਤੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

**ਜੋਗ ਜੁਗਤਿ ਸੁਨਿ ਆਇਓ ਗੁਰ ਤੇ।।**
**ਮੋ ਕਉ ਸਤਿਗੁਰ ਸਬਦਿ ਬੁਝਾਇਓ।।੧।। ਰਹਾਉ।।**
**ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ।।**
**ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ।।੧।।**
**ਪੰਚ ਚੇਲੇ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ।।**
**ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।।੨।।**
**ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ।।**
**ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ।।੩।।**
**ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ।।**
**ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ।।੪।।**
**ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ।।**
**ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।।**
੫।।੧੧।।੧੩੨।। (ਗਉੜੀ ਮ: ੫, ਪੰਨਾ ੨੦੮)

ਸੱਚਾ ਜੋਗ ਤੇ ਜੋਗ ਦੀ ਸੱਚੀ ਜੁਗਤੀ ਕੇਵਲ ਗੁਰਮਤਿ ਦੁਆਰਾ ਹੀ ਆਉਂਦੀ ਹੈ, ਗੁਰੂ ਸੱਚੇ ਸਤਿਗੁਰੂ ਦੇ ਮੁਖਾਰਬਿੰਦ ਤੋਂ ਗੁਰ-ਦੀਖਿਆ ਸੁਣ ਕੇ ਹੀ ਆਉਂਦੀ ਹੈ, ਸਤਿਗੁਰੂ ਦੇ ਸ਼ਬਦ ਗੁਰਮੰਤਰ ਦੁਆਰਾ ਹੀ ਬੁਝੀ ਜਾਂਦੀ ਹੈ। ਐਵੇਂ ਨਿਗੁਰਿਆਂ ਅਨਮਤੀਆਂ ਪਾਸੋਂ ਇਸ ਜੋਗ ਜੁਗਤਿ ਦੀ ਸੂਝ ਬੂਝ ਕੀ ਪੈਣੀ ਸੀ ? ਆਨਮਤ ਦੁਆਰਾ ਇਸ ਮਨਮਤ ਭਰੀ ਜੋਗ ਜੁਗਤਿ ਦੀਆਂ ਟੱਕਰਾਂ ਮਾਰ ਮਾਰ ਕੇ ਅਨੇਕਾਂ ਅਨਮਤੀ ਜੋਗੀਸ਼ਰ ਜੁਗਤੀਸ਼ਰ ਕਹਾਉਣ ਵਾਲੇ ਸਭ ਹੰਭ ਹਾਰ ਥੱਕੇ, ਪਰ ਓਹਨਾਂ ਨੂੰ ਰਾਈ ਮਾਤਰ ਭੀ ਸਚੜੇ ਗੁਰਮਤਿ ਜੋਗ ਦੀ ਗੁਰਮਤਿ ਜੁਗਤੀ ਨਹੀਂ ਆਈ। ਜੋ ਜੋ ਜਗਿਆਸੂ ਜਨ ਗੁਰੂ ਸਾਹਿਬ ਸਚੜੇ ਗੁਰੂ ਨਾਨਕ ਸਾਹਿਬ ਦੀ ਸ਼ਰਨੀ ਆਏ ਹਨ, ਤਿਨ੍ਹਾਂ ਨੂੰ ਹੀ ਸਚੜੇ ਜੋਗ ਦੀ ਸੱਚੀ ਜੁਗਤੀ ਪ੍ਰਾਪਤ ਹੋਈ ਹੈ। ਐਸੀ ਪ੍ਰਾਪਤ ਹੋਈ ਹੈ ਕਿ ਇਸ ਜੋਗ-ਜੁਗਤੀ ਲਈ ਬਾਹਰ-ਮੁਖੀ ਟੱਕਰਾਂ ਮਾਰਨੀਆਂ ਨਹੀਂ ਪਈਆਂ। ਅੰਤਰ-ਗਤੀ ਰਿਦ ਅੰਤਰਿ ਹੀ ਇਸ ਗੁਰਮਤਿ ਜੋਗ-ਜੁਗਤੀ ਦੇ ਅਗਾਧ ਭੇਦ ਖ਼ਜ਼ਾਨੇ ਖੁੱਲ੍ਹ ਗਏ ਹਨ। ਮਨਮਤੀ ਲੋਗ, ਅਨਮਤੀ ਲੋਗ, ਅਨਮਤੀ ਜੋਗੀ ਇਸ ਜੋਗ ਜੁਗਤੀ ਲਈ ਨੌਖੰਡ ਪ੍ਰਿਥਮੀ ਵਿੱਚ ਫਿਰਨ ਦੀਆਂ ਬਥੇਰੀਆਂ ਧਾਵਨੀਆਂ ਕਰਦੇ ਹਨ, ਪਰ ਫ਼ੇਰ ਭੀ ਉਹਨਾਂ ਨੂੰ ਇਹ ਸਚੜੀ ਜੋਗ ਜੁਗਤੀ ਪ੍ਰਾਪਤ ਨਾ ਹੋਈ। ਜਦੋਂ ਸਤਿਗੁਰੂ ਨੇ ਗੁਰਮਤਿ ਜਗਿਆਸੂਆਂ ਨੂੰ ਇਸ ਸਚੜੀ ਜੋਗ ਜੁਗਤੀ ਦਾ ਸਚੜਾ ਨੀਸਾਣ ਦਸਿਆ ਤਾਂ ਤਿਨ੍ਹਾਂ ਗੁਰਮੁਖਿ ਜੋਗੀਆਂ, ਸਚੜੇ ਜੋਗੀਸ਼ਰਾਂ ਨੇ ਐਸੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕੀਤੀਆ ਕਿ ਇਸ ਸਰੀਰ ਅੰਦਰ ਹੀ ਤਿਨ੍ਹਾਂ ਨੂੰ ਨੌਂ ਖੰਡ ਪ੍ਰਿਥਵੀ ਦਾ ਪਰਤੱਖ ਨਜ਼ਾਰਾ ਰਵਿਆ ਨਜ਼ਰ ਆਇਆ। ਪ੍ਰਿਥੀਸ਼੍ਰ ਵਾਹਿਗੁਰੂ ਸਚੜੇ ਜਗਦੀਸ਼ ਸਿਰਜਨਹਾਰ ਨੂੰ ਭੀ ਪਰਤੱਖ ਅੰਤਰਗਤੀ ਸਰੀਰ ਅੰਦਰ ਪੇਖਦਿਆਂ ਇਹ ਪਰਤੱਖ ਨਜ਼ਾਰਾ ਪੇਖ ਪੇਖ ਕੇ ਗੁਰਮੁਖਿ ਅਲਮਸਤ ਜੋਗੀ ਨਿਮਖ ਨਿਮਖ ਨਮਸਕਾਰ ਕਰਨ ਲੱਗੇ, ਇਸ ਅੰਤਰਿ ਵਸਦੇ ਸਿਰਜਨਹਾਰ ਵਾਹਿਗੁਰੂ ਤਾਈਂ। ਝੂਠੇ ਜੋਗੀਆਂ ਨੇ ਕੰਨ ਪੜਵਾ ਕੇ ਕੰਨਾਂ ਵਿੱਚ ਮੁੰਦਰਾਂ ਪਾਈਆਂ ਤੇ ਕੰਨ-ਪਾਟੇ ਜੋਗੀ ਸਦਾਏ। ਜੋਗੀ ਸਦਾਉਣ ਤੋਂ ਬਿਨਾਂ ਓਹਨਾਂ ਨੂੰ ਕੋਈ ਸਿੱਧੀ ਹਾਸਲ ਨਹੀਂ ਹੋਈ। ਸਚੜੇ ਗੁਰਮੁਖਿ ਜੋਗੀਆਂ ਨੇ ਗੁਰੂ ਦੀ ਦੀਖਿਆ ਰੂਪੀ ਮੁੰਦਰਾਂ ਹਿਰਦੇ ਅੰਦਰ ਉਤਾਰ ਕੇ ਸੱਚੀ ਜੋਗ-ਸਾਧਨਾ ਕੀਤੀ ਅਤੇ ਏਕ ਨਿਰੰਕਾਰ ਦੇ ਨਾਮ ਨੂੰ ਹੀ ਦ੍ਰਿੜ੍ਹ-ਮਤਿ ਕੀਤਾ। ਨਾਮ ਦ੍ਰਿੜ੍ਹ ਕੇ ਉਹ ਅੰਤਰਗਤੀ ਹੀ ਨਾਮ ਅਭਿਆਸ ਵਿਖੇ ਲਿਵ ਲਾਇ ਕੇ ਗੁਰਮਤਿ ਦੇ ਸਚੜੇ ਜੋਗੀ ਬਣੇ। ਏਹਨਾਂ ਸਚੜੇ ਗੁਰਮਤਿ ਜੋਗੀਆਂ ਦੇ ਪੰਜੇ ਗਿਆਨ-ਇੰਦਰੇ ਐਸੇ ਵਸਗਤਿ ਹੋਏ ਕਿ ਤਿਨ੍ਹਾਂ ਨੂੰ ਬਾਹਰ-ਮੁਖੀ ਪੰਜ ਚੇਲੇ ਬਣਾਉਣ ਦੀ ਲੋੜ ਨਹੀਂ ਪਈ। ਸੋ ਗੁਰਮੁਖਿ ਸੱਚੇ ਗੁਰਮਤਿ ਜੋਗੀਸ਼ਰ, ਗੁਰ ਚੇਲੇ ਬਣਨ ਬਣਾਉਣ ਦੀ ਖੜਖੱਸ ਵਿੱਚ ਪਏ ਹੀ ਨਹੀਂ। ਤਿਨ੍ਹਾਂ ਨੂੰ ਇਸ ਬਿੱਦਤ ਵਿੱਚ ਪੈਣ ਦਾ ਭਰਮ ਹੀ ਨਹੀਂ ਰਿਹਾ। ਨਾਮ ਦੇ ਸੱਚੇ ਅਭਿਆਸੀ ਬਣ ਕੇ ਉਹਨਾਂ ਦਾ ਮਨੂਆ ਪੰਜੇ ਗਿਆਨ-ਇੰਦ੍ਰਿਆਂ ਅਤੇ ਸਾਰੇ ਕਰਮ-ਇੰਦ੍ਰਿਆਂ, ਉਤੇ ਹਾਵੀ ਹੋ ਗਿਆ। ਜੇਹੜੀਆਂ ਦਸੇ ਕਰਮ ਇੰਦ੍ਰੀਆਂ ਅਗੇ ਕਰਮ-ਚੇਸ਼ਟਾ ਦੇ ਵਸਗਤਿ ਕਰ ਕੇ ਮਨ ਨੂੰ ਦਬੱਲੀ ਫਿਰਦੀਆਂ ਸਨ, ਓਹ ਹੁਣ ਖ਼ੁਦ ਵਸਗਤਿ ਹੋ ਗਈਆਂ। ਐਸੀਆਂ ਵਸਗਤਿ ਹੋਈਆਂ ਕਿ ਬਾਹਰ-ਮੁਖੀ ਵਿਸ਼ਿਆਂ ਵਲ ਧਾਵਣ ਤੋਂ ਉੱਕਾ ਹੀ ਰੁਕ ਗਈਆਂ, ਕਿਸੇ ਪਾਸੇ ਭੀ ਨਹੀਂ ਹਿਲਦੀਆਂ। ਓਹ ਤਾਂ ਚੇਸ਼ਟਾ ਵਾਲੀਆਂ ਇੰਦ੍ਰੀਆਂ ਦੇ ਥਾਉਂ ਨਿਰੋਲ ਗੁਰਮਤਿ ਵੈਰਾਗ ਇੰਦ੍ਰੀਆਂ



www.AKJ.Org

ਬੈਰਾਗਣ ਹੋਈਆਂ ਗੁਰਮੁਖਿ ਜੋਗ-ਜੋਗੀਸ਼ਰਾਂ ਦੀਆਂ ਐਸੀਆਂ ਆਗਿਆਕਾਰੀ ਬਣੀਆਂ ਕਿ ਆਗਿਆ ਬਿਹੂਣ ਕਿਧਰੇ ਹੋਰ ਪਾਸੇ ਖਿਸਕਣ ਤੋਂ ਅਹਿਲ ਹੋ ਗਈਆਂ। ਅਜਿਹੇ ਵੈਰਾਗ ਇੰਦ੍ਰੀਆਂ ਵਾਲੇ ਗੁਰਮੁਖਿ ਜਨ ਨਿਰੋਲ ਨਿਰਮਲ ਜੋਗੀ ਹੋ ਗਏ। ਜੇਹੜੇ ਆਨਮਤੀ ਜੋਗੀ ਭਸਮ ਲਾ ਲਾ ਕੇ ਅਤੇ ਬਿਭੂਤ ਮਲ ਮਲ ਕੇ ਫ਼ਜ਼ੂਲ ਭਰਮਦੇ ਫਿਰਦੇ ਹਨ, ਤਿਨ੍ਹਾਂ ਦੇ ਮੁਕਾਬਲੇ ਵਿੱਚ ਸਚੜੇ ਗੁਰਮਤਿ ਜੁਗਤਿ ਜੋਗੀਸ਼ਰ ਅਜਿਹੇ ਭਰਮ ਭੂਤ ਨੂੰ ਸਾੜ ਜਲਾ ਕੇ ਭਸਮ ਕਰ ਗਏ। ਅਜਿਹੀ ਭਸਮ ਹੋਈ ਬਿਭੂਤ ਓਹਨਾਂ ਨੇ ਆਪਣੇ ਸਰੀਰ ਉੱਤੇ ਚਾੜ੍ਹੀ ਕਿ ਕੀ ਮਜਾਲ ਹੈ ਇਕ ਅਕਾਲ ਪੁਰਖ ਦੀ ਲਿਵ ਨੂੰ ਛੱਡ ਕੇ ਕਿਸੇ ਹੋਰ ਪਾਸੇ ਆਪਣੇ ਮਨ ਨੂੰ ਖਿਸਕਣ ਦੇਣ। ਸਚੜਾ ਜੋਗ ਪੰਥ ਇਹੋ ਹੈ ਜੋ ਗੁਰਮਤਿ ਨੇ ਦਰਸਾਇਆ ਹੈ। ਇੱਕ ਅਕਾਲ ਪੁਰਖ ਨੂੰ ਮੰਨ ਕੇ ਉਸ ਵੱਲ ਹੀ ਚਿਤ ਨੂੰ ਲਾਇਆ ਹੈ। ਕੇਵਲ ਗੁਰਮੁਖਾਂ ਦਾ ਹੀ ਇਕੋ ਪੰਥ ਇਕ ਅਕਾਲ ਪੁਰਖ ਦਰਸੀ ਪੰਥ ਹੈ। ਜੋਗੀ ਜਨ ਜੋ ਨਕਲੀ ਭੁਗਤਿ-ਭੋਜਨ ਭੁੰਚਦੇ ਹਨ, ਉਸ ਦੇ ਥਾਉਂ ਅਸਲੀ ਗੁਰਮੁਖਿ ਜੁਗਤੀਸ਼ਰ ਜੋਗੀ ਸਹਜ ਅਨੰਦੀ ਆਤਮਕ ਸੁਖ ਦੀਆਂ ਅੰਮ੍ਰਿਤ ਮਈ ਭੁਗਤਾਂ ਤੇ ਛਾਂਦੇ ਖਿਨ ਖਿਨ ਛਕਦੇ ਰਹਿੰਦੇ ਹਨ, ਜਿਸ ਵਿਚਿ ਅਘਾਏ ਹੋਏ ਓਹ ਕਦੇ ਇਸ ਸਚੜੀ ਭੁਗਤਿ ਦੇ ਭੁੰਚਣੋਂ ਵਿਸਰਜਤ ਨਹੀਂ ਹੁੰਦੇ। ਹਾਂ ਓਹਨਾਂ ਨੂੰ ਛਾਦਨ ਭੋਜਨ ਦੀ ਇਛਿਆ ਹੀ ਨਹੀਂ ਰਹਿੰਦੀ। ਯਥਾ ਗੁਰਵਾਕ : "**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ।।**" ਜਿਨ੍ਹਾਂ ਜਿਨ੍ਹਾਂ ਛਾਂਦਿਆਂ ਭੋਜਨਾਂ ਦਾ ਛਕਣਾ ਤਿਨ੍ਹਾਂ ਦੇ ਮਸਤਕ ਉਤੇ ਸਚੇ ਰਾਜ਼ਕ ਮਾਲਕ ਠਾਕੁਰ ਨੇ ਲਿਖਿਆ ਹੈ, ਸੋਈ ਓਹ ਹੁਕਮ ਆਗਿਆਕਾਰੀ ਹੋ ਕੇ ਸੁਪ੍ਰਸੰਨਤਾ ਸਹਿਤ ਛਕਦੇ ਹਨ। ਸਚੜੇ ਗੁਰਮਤਿ ਜੋਗੀਆਂ ਨੇ ਕੇਵਲ ਨਿਰਭਉ ਨਿਰੰਕਾਰ ਅਕਾਲ ਪੁਰਖ ਵਿਚ ਹੀ ਆਪਣੀ ਸੁਰਤੀ ਨੂੰ ਜੋੜਿਆ ਹੈ। ਇਸ ਨਿਰਭਉ ਅਕਾਲ ਪੁਰਖ ਦੇ ਸਰੂਪ-ਲਖਤਾ ਦੇ ਪ੍ਰਭਾਵ ਕਰਕੇ ਜਿਥੇ ਕੋਈ ਭੀ ਭਉ ਨਹੀਂ ਵਿਆਪਦਾ, ਤਿਥੇ ਤਿਨ੍ਹਾਂ ਨੇ ਆਪਣਾ ਆਸਣ ਬੰਨ੍ਹ ਰਖਿਆ ਹੈ ਤੇ ਨਿਰਭਉ ਤਾੜੀ ਲਾ ਰਖੀ ਹੈ। ਜੋਗੀਆਂ ਦੀ ਸਿੰਙੀ ਬਾਹਰ-ਮੁਖੀ ਬਜੰਤਰੀ ਸਿੰਙੀ ਬਜਾਉਣ ਦੇ ਥਾਉਂ ਗੁਰਮਤਿ ਜੁਗਤਿ ਜੋਗੀਆਂ ਨੇ ਅਨਹਦ ਬਾਣੀ-ਮਈ ਸਿੰਙੀ ਬਜਾਉਣੀ ਸਦ ਸਦਾ ਲਈ ਅਹੰਭੀ ਹੋਈ ਹੈ। ਗੁਰਮਤਿ ਸਚੜੇ ਜੋਗੀਆਂ ਦੇ ਨਾਮ ਅਭਿਆਸ-ਮਈ ਤੱਤ ਬੀਚਾਰ ਰੂਪੀ ਡੰਡਾ ਸਦਾ ਸਦਾ ਆਪਣੇ ਹੱਥ ਵਿਚ ਧਾਰ ਰਖਿਆ ਹੈ। ਨਾਮ ਨੂੰ ਮਨ ਵਿੱਚ ਵਸਾ ਕੇ, ਨਾਮ ਵਿਖੇ ਹੀ ਲਿਵ ਲਾਉਣੀ, ਇਹ ਗੁਰਮਤਿ ਜੋਗੀਆਂ ਦੀ ਸੱਚੀ ਜੁਗਤਿ ਹੈ। ਨਾਮ ਵਿਖੇ ਲਿਵ ਲਾਈ ਰੱਖਣ ਦਾ ਇਹ ਪ੍ਰਤਾਪ ਵਰਤਦਾ ਹੈ ਕਿ ਮਾਇਆ ਸਰੂਪ ਬੰਧਨ ਉਸ ਦੇ ਸਾਰੇ ਕਟੇ ਜਾਂਦੇ ਹਨ, ਐਸਾ ਵਡਭਾਗੀ ਜੋਗੀ ਕੇਵਲ ਗੁਰੂ ਘਰ ਵਿਖੇ ਹੀ ਮਿਲਦਾ (ਭੇਟਣ ਹੁੰਦਾ) ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਪੂਰੇ ਸੂਰੇ ਗੁਰਮੁਖਿ ਜੋਗੀ ਦੀ ਸੇਵਾ ਪੂਜਾ ਜਿਤਨੀ ਭੀ ਕੀਤੀ ਜਾਵੇ, ਉਤਨੀ ਹੀ ਥੋੜ੍ਹੀ ਹੈ। ਐਸੇ ਗੁਰਮੁਖਿ ਜੋਗੀ ਦੀ ਮੂਰਤੀ ਦਾ ਖਿਨ ਖਿਨ ਦਰਸ਼ਨ ਕਰਨਾ ਭੀ ਸਫਲਾ ਨਰੋਤਮ ਜੁਗਤਿ ਭੁਗਤਿ ਮੇਵਾ ਹੈ। ਗੁਰੂ ਨਾਨਕ ਸਾਹਿਬ ਗੁਰਮੁਖਿ ਜੋਗੀਆਂ ਦੇ ਐਸੇ ਮਫ਼ਤੂਨ ਮਤਵਾਲੇ ਹਨ ਕਿ ਇਹੋ ਹਰ ਦਮ ਭਾਵਨਾ ਰਖਦੇ ਹਨ ਕਿ ਤਿਨ੍ਹਾਂ ਦੇ ਪਗ ਚੱਟੀ ਹੀ ਜਾਈਏ।

*****

# ਦਾੜ੍ਹੀ ਦਸਤਾਰ ਦੀ ਲਾਜ

ਸ਼ਾਮ ਨੂੰ ਕੰਮ ਤੋਂ ਵਾਪਸ ਆਉਂਦਿਆਂ ਪ੍ਰੇਮ ਸਿੰਘ ਨੇ ਰਸਤੇ ਵਿੱਚ ਤੁਰੀ ਜਾਂਦੀ ਮੁਟਿਆਰ ਨੂੰ ਕੋਝਾ ਮਖੌਲ ਕੀਤਾ। ਉਸ ਦੀ ਇਸ ਹਰਕਤ ਨੂੰ ਦੇਖ ਕੇ ਇੱਕ ਬਜ਼ੁਰਗ ਨੇ ਲਲਕਾਰਾ ਮਾਰਦਿਆਂ ਕਿਹਾ, "ਠਹਿਰ ਬੇਸ਼ਰਮਾ ! ਦਾੜ੍ਹੀ ਦਸਤਾਰ ਵਾਲਾ ਹੋ ਕੇ ਤੂੰ ਇਹ ਕਰਤੂਤਾਂ ਕਰਦੈਂ ?

ਬਜ਼ੁਰਗ ਦੇ ਇਹ ਬੋਲ ਸੁਣ ਕੇ ਪ੍ਰੇਮ ਸਿੰਘ ਪਾਣੀਓਂ ਪਾਣੀ ਹੋ ਗਿਆ ਅਤੇ ਸਾਈਕਲ ਦੁੜਾ ਕੇ ਦੂਰ ਅੱਗੇ ਨਿਕਲ ਗਿਆ। ਮਨ ਹੀ ਮਨ ਵਿੱਚ ਉਹ ਸੋਚ ਰਿਹਾ ਸੀ ਕਿ ਜੇ ਫੜੇ ਜਾਂਦੇ ਤਾਂ ਦਾੜ੍ਹੀ ਨੂੰ ਦਾਗ ਲੱਗ ਜਾਣਾ ਸੀ। ਦਾੜ੍ਹੀ ਦਸਤਾਰ (ਕੇਸਾਂ ਪੱਗ) ਦੀ ਲਾਜ ਨੂੰ ਮੁੱਖ ਰਖਦਿਆਂ ਉਸ ਨੇ ਫੇਰ ਕਦੇ ਏਹੋ ਜੇਹੀ ਹਰਕਤ ਨਾ ਕੀਤੀ ਅਤੇ ਗੁਰਮਤਿ ਦੇ ਹੇਠ ਲਿਖੇ ਉਪਦੇਸ਼ ਨੂੰ ਹਮੇਸ਼ਾ ਯਾਦ ਰੱਖਿਆ-

**ਦੇਖਿ ਪਰਾਈਆਂ ਚੰਗੀਆਂ।**
**ਮਾਵਾਂ ਭੈਣਾਂ ਧੀਆਂ ਜਾਣੈ।**

(ਭਾਈ ਗੁਰਦਾਸ ਜੀ, ਵਾਰ ੨੯/੧੧


www.AKJ.Org

# ਪੰਜ ਖੰਡ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਜਪੁਜੀ ਸਾਹਿਬ ਦੀ ਬਾਣੀ ਅੰਦਰ ਪੰਜਾਂ ਖੰਡਾਂ ਦਾ ਜ਼ਿਕਰ ਆਇਆ ਹੈ ਜਿਨ੍ਹਾਂ ਦੇ ਨਾਮ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਬਿਆਨ ਕੀਤੇ ਗਏ ਹਨ। ਵੱਖੋ ਵੱਖ ਖੰਡਾਂ ਦੀ ਵੱਖੋ ਵੱਖ ਤੌਰ ਤੇ ਕੀਤੀ ਵਿਆਖਿਆ ਭੀ ਮਿਲਦੀ ਹੈ ਪਰ ਫਿਰ ਭੀ ਇਸ ਦੀ ਹਕੀਕਤ ਕਿਆ ਹੈ ? ਇਸ ਬਾਰੇ ਵਿਦਵਾਨਾਂ ਦੀ ਕੋਈ ਇੱਕ ਰਾਏ ਨਹੀਂ ਹੈ। ਇਨ੍ਹਾਂ ਦੀ ਹਕੀਕਤ ਬਾਰੇ ਤਾਂ ਗੁਰੂ ਨਾਨਕ ਦੇਵ ਜੀ ਹੀ ਜਾਨਣ ਜਾਂ ਕੋਈ ਪੂਰਨ ਬ੍ਰਹਮ ਗਿਆਨੀ, ਮਹਾਂ ਪੁਰਸ਼ ਹੀ ਕੁਝ ਦੱਸ ਸਕੇ ਤਾਂ ਦੱਸ ਸਕੇ ਨਹੀਂ ਤਾਂ ਆਮ ਜੰਤਾ ਜਾਂ ਵਿਦਵਾਨ ਸੱਜਨ ਆਪੋ ਆਪਣੀ ਮੱਤਿ ਅਨੁਸਾਰ ਹੀ, ਇਸ ਦੇ ਵੱਖੋ ਵੱਖ ਅਰਥ ਕਰਦੇ ਹਨ।

ਕਈ ਵਿਦਵਾਨਾਂ ਵਲੋਂ ਇਹ ਆਖਿਆ ਜਾਂਦਾ ਹੈ ਕਿ ਇਹ ਪੰਜ ਖੰਡ, ਗੁਰਮੁਖਾਂ ਦੇ ਨਾਮ ਅਭਿਆਸ ਕਮਾਈ ਦੇ ਰਸਤੇ ਵਿੱਚ ਆਉਂਦੇ, ਪੰਜ ਪੜਾਉ ਹਨ। ਚਾਹੀਦਾ ਤਾਂ ਇਹ ਸੀ ਕਿ ਇਹ ਦਸਿਆ ਜਾਵੇ ਕਿ ਨਾਮ ਅਭਿਆਸ ਕਮਾਈ ਦੁਆਰਾ, ਕਿਵੇਂ, ਕਦੋਂ ਤੇ ਕੇਹੜਾ ਪੜਾਉ ਆਉਂਦਾ ਹੈ ਪਰ ਉਹਨਾਂ ਵਿਦਵਾਨਾਂ ਦਾ ਬਹੁਤਾ ਜ਼ੋਰ, ਨਾਮ ਦੀ ਕਮਾਈ ਦੀ ਥਾਂ 'ਮਨ ਦੀ ਸੋਚ' ਉਪਰ ਹੀ ਕੇਂਦਰਤ ਰਹਿੰਦਾ ਹੈ। ਜਪੁਜੀ ਸਾਹਿਬ ਦੀ ਬਾਣੀ ਦੇ, ਇੱਕ ਪਰਸਿੱਧ ਵਿਦਵਾਨ ਜੀ ਵਲੋਂ ਕੀਤੇ ਅਰਥਾਂ ਵਿੱਚੋਂ ਕੁਝ ਤੁਕਾਂ, ਪੇਸ਼-ਏ-ਖਿਦਮਤ ਹਨ-

"ਜਿਸ ਮਨੁੱਖ ਉਪਰ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਉਸ ਨੂੰ ਪਹਿਲਾਂ ਇਹ ਸਮਝ ਪੈਂਦੀ ਹੈ ................ ਉਪਰ ਦਸੀ ਵਿਚਾਰ ਅਨੁਸਾਰ, ਰਸਤੇ ਵਿੱਚ ਜੀਵ ਦੀ ਪਹਿਲੀ ਅਵੱਸਥਾ ਹੈ ਜਿਥੇ ਇਹ ਆਪਣੇ ਫਰਜ਼ ਨੂੰ ਪਛਾਣਦਾ ਹੈ। ਇਸ ਆਤਮਕ ਅਵੱਸਥਾ ਦਾ ਨਾਮ ਧਰਮ ਖੰਡ ਹੈ।

.............. ਤੇ ਇਹ ਸੋਚਦਾ ਹੈ ਕਿ ਮੇਰੇ ਜੀਵਨ ਦਾ ਕੀ ਪ੍ਰਯੋਜਨ ਹੈ.......... ਇਸ ਅਵੱਸਥਾ ਵਿੱਚ ਮਨੁੱਖ ਇਹ ਵਿਚਾਰਦਾ ਹੈ ਕਿ ਧਰਤੀ ਉਪਰ ਜੀਵ, ਧਰਮ ਕਮਾਉਣ ਲਈ ਆਏ ਹਨ........... ਜਿਉਂ ਜਿਉਂ ਮਨੁਖ ਦੀ ਸੁਰਤ ਇਨ੍ਹਾਂ ਖਿਆਲਾਂ ਵਿਚ ਜੁੜਦੀ ਹੈ............. ਹੁਣ ਆਪਣਾ 'ਧਰਮ' ਸਮਝਣ ਤੇ ਆਪਣੀ ਵਾਕਫੀਅਤ ਨੂੰ ਵਧਾਣ ਦਾ ਯਤਨ ਕਰਦਾ ਹੈ-

ਵਿਦਿਆ ਦੇ ਵਿਚਾਰ ਦੇ ਬਲ ਨਾਲ, ਅਕਾਲ-ਪੁਰਖ ਦੀ ਬੇਅੰਤ ਕੁਦਰਤ ਦਾ ਨਕਸ਼ਾ ਅੱਖਾਂ ਅੱਗੇ ਲਿਆਉਣ ਲੱਗ ਜਾਂਦਾ ਹੈ-ਗਿਆਨ ਦੀ ਹਨ੍ਹੇਰੀ ਆ ਜਾਂਦੀ ਹੈ ਜਿਸ ਦੇ ਅੱਗੇ ਸਭ ਭਰਮ-ਵੈਰਾਗ ਉਡ਼ ਜਾਂਦੇ ਹਨ......... ਇਸ ਅਵਸਥਾ ਦਾ ਨਾਮ ਗਿਆਨ ਖੰਡ ਹੈ।

ਇਸੀ ਤਰ੍ਹਾਂ ਦੇ ਹੀ ਵਿਚਾਰ ਬਾਕੀ ਖੰਡਾਂ ਬਾਰੇ ਹਨ। ਇਸ ਲੇਖ ਦਾ ਉਦੇਸ਼, ਕਿਸੀ ਦੀ ਅਲੋਚਨਾ ਕਰਨਾ ਨਹੀਂ ਹੈ, ਸਗੋਂ, ਪੰਜਾਂ ਖੰਡਾਂ ਦੀ ਅਸਲੀਅਤ ਨੂੰ ਘੋਖਣਾ ਹੈ। ਉਪਰ ਦਿੱਤੀਆਂ ਤੁਕਾਂ ਨੂੰ ਗੌਹ ਨਾਲ ਤੱਕਣ ਤੇ ਅਸੀਂ ਦੇਖਦੇ ਹਾਂ ਕਿ ਧਰਮ ਅਤੇ ਗਿਆਨ ਦੋਨਾਂ ਖੰਡਾਂ ਨੂੰ ਜਿਨ੍ਹਾਂ ਨੂੰ ਸਯੋਗ ਵਿਦਵਾਨ ਜੀ ਨੇ 'ਅਵੱਸਥਾਵਾਂ' ਦਾ ਨਾਮ ਦਿੱਤਾ ਹੈ, ਬਾਰੇ ਨਾਮ ਅਭਿਆਸ ਕਮਾਈ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ-"ਸਮਝ ਪੈਂਦੀ ਹੈ, ਵਿਚਾਰ ਅਨੁਸਾਰ, ਫਰਜ਼ ਪਛਾਣਦਾ ਹੈ, ਇਹ ਸੋਚਦਾ ਹੈ, ਇਹ ਵਿਚਾਰਦਾ ਹੈ, ਸੁਰਤ ਇਨ੍ਹਾਂ ਖਿਆਲਾਂ ਵਿੱਚ ਜੁੜ ਜਾਂਦੀ ਹੈ, ਸਮਝਣ ਤੇ ਆਪਣੀ ਵਾਕਫੀਅਤ ਨੂੰ ਵਧਾਣ, ਵਿਦਿਆ ਤੇ ਵਿਚਾਰ ਦੇ ਬਲ ਨਾਲ, ਨਕਸ਼ਾ ਅੱਖਾਂ ਅੱਗੇ ਲਿਆਉਣ ਗਿਆਨ ਦੀ ਹਨ੍ਹੇਰੀ, ਅਤੇ ਭਰਮ-ਵੈਰਾਗ ਉਡ਼ ਜਾਂਦੇ ਹਨ," ਦੇ ਜਿਤਨੇ ਭੀ ਸ਼ਬਦ, ਉਪਰ ਵਰਤੇ ਗਏ ਹਨ, ਇਨ੍ਹਾਂ ਸਭ ਦਾ ਸੰਬੰਧ ਮਨ ਦੀ ਸੋਚ ਨਾਲ ਹੈ। ਜਿਸ ਤੋਂ ਇਹ ਪਰਭਾਵ ਪੈਂਦਾ ਹੈ ਕਿ ਗੁਰਮਤਿ, ਵੇਦਾਂਤ ਵਾਂਗੂੰ ਹੀ, ਮਨ ਦੀ ਸੋਚ ਦਾ ਹੀ ਇੱਕ ਵਿਸ਼ਾ ਹੈ। ਉਪਰ ਦਿੱਤੇ ਬਿਆਨ ਵਿਚੋਂ ਨਾਮ-ਅਭਿਆਸ ਕਮਾਈ ਦਾ ਵਿਸ਼ਾ ਬਿਲਕੁੱਲ ਹੀ ਅਲੋਪ ਹੈ, ਜਿਵੇਂ ਕਿ ਨਾਮ ਅਭਿਆਸ ਕਮਾਈ ਦਾ, ਗੁਰਮਤਿ ਨਾਲ ਕੋਈ ਸੰਬੰਧ ਹੀ ਨਹੀਂ ਹੁੰਦਾ।

ਜਿਵੇਂ ਉਪਰ ਅਰਜ਼ ਕੀਤਾ ਹੈ ਕਿ ਵਿਦਵਾਨ, ਕਿਸੀ ਫੁਰਮਾਨ ਦੀ ਵਿਆਖਿਆ ਕਰਦੇ ਕਰਦੇ, ਕਿਸੀ ਕਿਸੀ ਸਮੇਂ ਗੁਰਮਤਿ ਦੇ ਮੂਲ ਸਿਧਾਂਤ ਨੂੰ ਭੀ ਅਖੋਂ ਓਹਲੇ ਕਰ ਜਾਂਦੇ ਹਨ। ਇਥੇ ਭੀ ਸਯੋਗ ਵਿਦਵਾਨ ਜੀ ਨੇ ਐਸਾ ਹੀ ਕੀਤਾ ਜਾਪਦਾ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਅਰੰਭ ਵਿਚ ਹੀ-

**"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ"**

ਆਖ ਕੇ, ਸੋਚ ਦੀ ਫਿਲਾਸਫੀ ਵੇਦਾਂਤ ਨੂੰ, ਖੰਡਨ ਕਰ ਦਿੱਤਾ ਹੈ। ਦੀ ਸਯੋਗ ਲੇਖਕ ਜੀ ਇਥੇ ਬੁਧੀ ਬਲ ਜਾਂ ਮਨ ਦੀ ਸੋਚ ਨੂੰ ਹੀ "ਆਤਮਕ-ਅਵਸਥਾਵਾਂ ਕਰਾਰ ਦਿੰਦੇ ਹਨ। ਸਿਧਾਨਤਕ ਫਰਕ ਇਥੇ ਇਹ ਹੈ ਕਿ ਵੇਦਾਂਤ ਦੀ ਫਿਲਾਸਫੀ ਮਨ ਦੀ ਸੋਚ ਤੇ ਆਧਾਰਤ ਹੈ ਜਦੋਂ ਕਿ ਗੁਰਮਤਿ ਨਾਮ ਅਭਿਆਸ ਕਮਾਈ ਤੇ-

**"ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ"**

(ਪੰਨਾ ੯੪੯)



www.AKJ.Org

ਜੇਕਰ ਸਤਿਕਾਰ ਯੋਗ ਲੇਖਕ ਜੀ, ਨਾਮ-ਅਭਿਆਸ ਕਮਾਈ ਦਾ ਜ਼ਿਕਰ ਕਰਦੇ ਹੋਏ ਇਨ੍ਹਾਂ ਖੰਡਾਂ ਨੂੰ 'ਆਤਮਕ ਅਵੱਸਥਾਵਾਂ' ਲਿਖ ਜਾਂਦੇ ਤਾਂ ਫੇਰ ਸ਼ਾਇਦ ਕੋਈ ਗੱਲ ਸਮਝ ਵਿੱਚ ਭੀ ਪੈਂਦੀ ਪਰ ਮਨ ਦੀ ਸੋਚ ਦੇ ਰਾਹ ਤੇ ਚਲ ਕੇ, ਮਨ ਦੀ ਸੋਚ ਦੀਆਂ ਅਵਸਥਾਵਾਂ, ਤਾਂ ਹੋ ਸਕਦੀਆਂ ਹਨ, ਪਰ ਇਨ੍ਹਾਂ ਨੂੰ ਆਤਮਕ-ਅਵੱਸਥਾਵਾਂ ਆਖਣਾ ਉਚਿਤ ਪਰਤੀਤ ਨਹੀਂ ਹੁੰਦਾ।

ਹੁਣ ਅਸੀਂ ਗੁਰਬਾਣੀ ਅਨੁਸਾਰ, ਨਾਮ-ਅਭਿਆਸ ਕਮਾਈ ਦੇ ਰਸਤੇ ਵਿੱਚ ਆਉਂਦੀਆ ਅਵੱਸਥਾਵਾਂ ਦੀ ਘੋਖ ਕਰਦੇ ਹਾਂ, ਨਾਮ-ਅਭਿਆਸ ਕਰਦੇ ਹੋਏ ਸਭ ਤੋਂ ਪਹਿਲਾਂ ਜ਼ਬਾਨ ਤੇ ਇਕ ਅਲੌਕਿਕ ਰਸ ਆਉਂਦਾ ਹੈ ਜਿਸ ਨੂੰ ਅਭਿਆਸੀ ਜਨ ਪਰਤੱਖ ਤੌਰ ਤੇ ਮਿਠਾਸ ਦੇ ਰੂਪ ਵਿੱਚ ਪਰਤੀਤ ਕਰਦਾ ਹੈ-

"ਅਵਰਿ ਸਾਦ ਚਖਿ ਸਗਲੇ ਦੇਖੇ.
ਮਨ ਹਰਿ ਰਸੁ ਸਭ ਤੇ ਮੀਠਾ ਜੀਉ।।" (ਪੰਨਾ ੧੦੦)

ਇਸ ਤੋਂ ਉਪਰੰਤ ਸੁਗੰਧੀ ਅਤੇ ਸੀਤਲਤਾ (ਠੰਡਕ) ਆਦਿ ਦਿਵ-ਲਤੀਫੀ, ਕਈ ਇਕ ਅਲੌਕਿਕ ਸ਼ਕਤੀਆਂ, ਘਟ ਅੰਦਰ ਆ ਜਹੂਰ ਪਜੀਰ (ਪ੍ਰਗਟ) ਹੁੰਦੀਆਂ ਹਨ।

"ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨ ਧੰਨਾ" (ਪੰਨਾ ੪੪੯)

"ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ।।
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।।" (ਪੰਨਾ ੭੦੯)

ਗੁਰਮੁਖਿ ਦੇ ਰੋਮ ਰੋਮ ਵਿਚੋਂ ਨਾਮ ਦੀ ਆਵਾਜ਼ ਸੁਣਾਈ ਦਿੰਦੀ ਹੈ-

"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" (ਪੰਨਾ ੯੪੧)

ਉਪਰੰਤ ਕਾਇਨਾਤ ਦੇ ਜ਼ੱਰੇ ਜ਼ੱਰੇ ਵਿਚੋਂ ਨਾਮ ਦਾ ਜਾਪ ਹੁੰਦਾ ਸੁਣਾਈ ਦਿੰਦਾ ਹੈ-

"ਧਰਤਿ ਪਾਤਾਲ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ।।" (ਪੰਨਾ ੫੪੦)

ਗੁਰਮੁਖਿ ਅਨਦਿਨ ਨਾਮ ਅਭਿਆਸ ਵਿਚ ਜੁਟਿਆ ਰੈਹੰਦਾ ਹੈ ਤਾਂ ਇਕ ਵਕਤ ਐਸਾ ਆ ਜਾਂਦਾ ਹੈ ਕਿ ਸਵਾਸ, ਨਾਭੀ ਤੇ ਰੁਕ ਜਾਂਦੇ ਹਨ-ਨਾਭੀ ਦਾ ਮੂਧਾ ਪਿਆ ਹੋਇਆ ਕੰਮਲ ਸਿੱਧਾ ਹੋ ਕੇ ਖਿੜ ਜਾਂਦਾ ਹੈ।

"ਊਧਿ ਕੰਵਲ ਬਿਗਸਾਂਤ।" (ਪੰਨਾ ੨੫੪)

ਕਮਲ ਦੇ ਵਿਗਾਸ ਤੇ ਉਸ ਵਿੱਚ ਪ੍ਰਕਾਸ਼ ਪੈਦਾ ਹੋ ਜਾਂਦਾ ਹੈ।

"ਪਰਗਾਸੁ ਭਇਆ ਕਉਲੁ ਖਿਲਿਆ" (ਪੰਨਾ ੨੪੯)

ਇਹ ਪ੍ਰਕਾਸ਼ ਸਾਡੀ ਜੀਵ-ਆਤਮਾ ਦਾ ਹੁੰਦਾ ਹੈ ਜੋ ਕੁਝ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ। ਇਸ ਅਵਸਥਾ ਨੂੰ ਆਤਮ-ਸਾਖਸ਼ਾਤਕਾਰ ਆਖਿਆ ਜਾਂਦਾ ਹੈ।

"ਮੀਨ ਕੀ ਚਪਲ ਸਿਉ ਜੁਗਤਿ ਮਨ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ" (ਪੰਨਾ ੯੯੧)

ਨਾਮ ਅਭਿਆਸ ਜਾਰੀ ਹੈ- ਮੱਛੀ ਪੁਠੀ ਤਾਰੀ ਲਾ, ਇਕੋ ਸ਼ੂਟ ਵਟ, ਸਮੁੰਦਰ ਦੀ ਅਥਾਹ ਡੂੰਘਾਈ ਨੂੰ ਜਾ ਛੋਹੰਦੀ ਹੈ। ਸ਼ੂਟ ਵੱਟਣ ਵੇਲੇ, ਜਦੋਂ ਉਹ ਆਪਣੇ ਫਰ (ਪੂਛ) ਦਾ ਝਟਕਾ ਮਾਰਦੀ ਹੈ ਤਾਂ ਪਾਣੀ ਵਿੱਚੋਂ ਚੱਪਲ ਦੀ ਆਵਾਜ਼ ਆਉਂਦੀ ਹੈ। ਸਤਿਗੁਰੂ ਜੀ ਨੇ ਮੱਛੀ ਦੀ ਚਪਲ ਦੀ ਉਦਾਹਰਨ ਦੇ ਕੇ ਸਮਝਾਇਆ ਹੈ ਕਿ ਨਾਭੀ ਤੋਂ ਸੁਆਸ ਉਲਟ, ਇਕੋ ਹੀ ਹਿਜਕੋਰੇ ਨਾਲ, ਦਸਮ-ਦੁਆਰ ਜਾ ਪਹੁੰਚਦੇ ਹਨ। ਦਸਮ-ਦੁਆਰ ਦਾ ਪੱਥਰ ਵਰਗਾ ਮਜ਼ਬੂਤ ਦਰਵਾਜ਼ਾ, ਬਜਰ ਕਪਾਟ ਬੰਦ ਹੈ-

"ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ" (ਪੰਨਾ ੯੫੪)

ਇਹ ਬਜਰ ਕਪਾਟ ਸਿਰਫ ਤੇ ਸਿਰਫ, ਸ਼ਬਦ ਦੀ ਕਮਾਈ ਦੁਆਰਾ ਹੀ ਖੁੱਲ੍ਹਦਾ ਹੈ- ਹੋਰ ਕਿਸੀ ਬਿਧ ਨਹੀਂ

"ਦਸਵੈ ਦੁਆਰਿ ਕੁੰਚੀਜਬ ਦੀਜੈ।।
ਤਉ ਦਇਆਲ ਕੋ ਦਰਸਨੁ ਕੀਜੈ।।" (ਪੰਨਾ ੩੪੧)

ਸ਼ਬਦ ਦੀ ਕੁੰਜੀ ਦੁਆਰਾ, ਦਸਵਾਂ ਦੁਆਰ ਖੁੱਲ੍ਹ, 'ਦਇਆਲ' ਜੀ ਦੇ ਦਰਸ਼ਨ ਹੁੰਦੇ ਹਨ। ਦਇਆਲ ਜੀ ਦੇ ਦਰਸ਼ਨ ਕਿਸ ਰੂਪ ਵਿੱਚ ਹੁੰਦੇ ਹਨ ?

"ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ" (ਪੰਨਾ ੩੭੫)

ਜੋਤਿ ਦੇ ਰੂਪ ਵਿੱਚ। ਇਸ ਕਰਕੇ ਹੀ ਅਕਾਲ-ਪੁਰਖ ਨੂੰ ਜੋਤੀ ਸਰੂਪ ਭੀ ਆਖਦੇ ਹਨ। ਜਿੱਥੇ ਨਾਭੀ ਤੇ ਜੋਤਿ ਦਾ ਪ੍ਰਕਾਸ਼ ਕੁੱਝ ਸੂਰਜਾਂ ਦੇ ਪ੍ਰਕਾਸ਼ ਸਮਾਨ ਸੀ ਉੱਥੇ ਹੁਣ ਦਸਵੇ -ਦੁਆਰ ਵਿਖੇ-

"ਕੋਟਿ ਸੂਰ ਨਾਨਕ ਪਰਗਾਸ" (ਪੰਨਾ ੭੧੭)

ਕਰੋੜ-ਹਾ-ਕਰੋੜ ਸੂਰਜਾਂ ਦਾ ਪ੍ਰਕਾਸ਼ ਪ੍ਰਤੱਖ ਦੇਖੀਦਾ ਹੈ।

"ਜਿਉ ਜਲ ਮਹਿ ਜਲੁ ਆਇ ਖਟਾਨਾ।।
ਤਿਉ ਜੋਤੀ ਸੰਗਿ ਜੋਤਿ ਸਮਾਨਾ।।" (ਪੰਨਾ ੨੭੮)

ਜਿਵੇਂ ਪਾਣੀ ਦੀ ਬੂੰਦ ਸਮੁੰਦਰ ਵਿੱਚ ਮਿਲ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦੀ ਹੈ ਉਸੀ ਤਰ੍ਹਾਂ ਹੀ ਜੀਵ-ਆਤਮ-ਜੋਤਿ, ਪਰਮ-ਆਤਮ ਜੋਤਿ ਵਿੱਚ ਸਮਾ ਪਰਮ-ਆਤਮ ਜੋਤਿ ਦਾ ਹੀ ਰੂਪ ਹੋ ਜਾਂਦੀ ਹੈ।

"ਮਿਟਿ ਗਏ ਗਵਨ ਪਾਇ ਬਿਸ੍ਰਾਮ।।
ਨਾਨਕ ਪ੍ਰਭ ਕੈ ਸਦ ਕੁਰਬਾਨ।।" (ਪੰਨਾ ੨੭੮)

ਜਨਮ ਜਨਮਾਂਤਰਾਂ ਦਾ ਆਵਾਗਵਣ ਦਾ ਚੱਕਰ ਮੁਕ ਠੁਕ ਜਾਂਦਾ ਹੈ, ਹਮੇਸ਼ਾਂ ਲਈ ਬਿਸਰਾਮ ਪ੍ਰਾਪਤ ਹੋ, ਜੀਵਨ ਯਾਤ੍ਰਾ ਸੰਪੂਰਨ ਜੋ ਜਾਂਦੀ ਹੈ।



www.AKJ.Org

"ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।।" (ਪੰਨਾ ੮੪੬)

ਆਪ ਜੀ ਦੇਖ ਸਕਦੇ ਹੋ ਕਿ ਗੁਰਮਤਿ ਮਾਰਗ ਵਿੱਚ ਕਿਸੇ ਭੀ ਅਵੱਸਥਾ (Stage) ਤੇ ਸੋਚ ਵਿਚਾਰ ਦਾ ਕੋਈ ਦਖਲ ਨਹੀਂ ਹੈ-ਨਾਂ ਹੀ ਤੇ ਸੋਚ ਵਿਚਾਰ ਦੁਆਰਾ 'ਹਰਿ ਰਸੁ' ਆਉਂਦਾ ਹੈ ਤੇ ਨਾਂ ਹੀ ਨਾਭੀ ਦਾ ਮੂਧਾ ਪਿਆ ਹੋਇਆ ਕਮਲ, ਸਿਧਾ ਹੋ ਪਰਕਾਸ਼ ਪੈਦਾ ਹੁੰਦਾ ਹੈ, ਨਾਂ ਹੀ ਸੋਚ ਵਿਚਾਰ ਦੁਆਰਾ ਸੁਆਸ, ਦਸਮ-ਦੁਆਰ ਅਪੜਦੇ ਹਨ ਤੇ ਨਾਂ ਹੀ ਜੋਤਿ ਪ੍ਰਗਟ ਹੋ ਰਾਮ ਪਿਆਰੇ ਦੇ ਦਰਸ਼ਨ ਹੀ ਹੁੰਦੇ ਹਨ। ਇਹ ਸਭ ਕੁਝ ਨਾਮ ਅਭਿਆਸ-ਕਮਾਈ ਦੀ ਬਰਕਤ ਦੁਆਰਾ ਹੀ ਸਿਰੇ ਚੜ੍ਹਦਾ ਹੈ । ਨਾਮ-ਅਭਿਆਸ ਕਮਾਈ ਭੀ-

"ਊਠਤ ਬੈਠਤ ਸੋਵਤ ਨਾਮ" (ਸੁਖਮਨੀ-੧੭)

"ਜਿਨ੍ਹਾਂ ਸਾਸਿ ਗਰਾਸਿ ਨ ਵਿਸਰੈ ਹਰਿ ਨਾਮਾ ਮਨ ਮੰਤ" (ਪੰਨਾ ੩੧੯)

ਜਾਂ "ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ" (ਪੰਨਾ ੬੨੦)

ਵਾਲੀ ਕਠਨ ਕਾਰ ਵਿਚੋਂ ਲੰਘ ਕੇ ਹੀ, 'ਜੋਤੀ ਜੋਤਿ ਰਲੀ' ਤਕ ਪਹੁੰਚਿਆ ਜਾ ਸਕਦਾ ਹੈ, ਨਹੀਂ ਤਾਂ-

'ਗਲੀ ਜੋਗੁ ਨ ਹੋਈ' (ਪੰਨਾ ੭੩੦)

ਅਕਾਲ ਪੁਰਖ ਦੀ ਪਰਾਪਤੀ, ਗਲੀਂ ਬਾਤੀਂ, ਬੁੱਧੀ ਬਲ ਜਾਂ ਮਨ ਦੀ ਸੋਚ ਦੁਆਰਾ, ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀ। ਇਸ ਲਈ ਪੰਜ ਖੰਡਾਂ ਦਾ ਵਿਸ਼ਾ, ਮਨ ਦੀ ਸੋਚ ਵਿਚਾਰ ਦੀ ਅਵੱਸਥਾਵਾਂ ਦਾ ਵਿਸ਼ਾ ਨਹੀਂ ਹੋ ਸਕਦਾ।

ਰਿਹਾ ਸਵਾਲ ਇਹ ਕਿ ਜੇ ਪੰਜ ਖੰਡ, ਮਨ ਦੀ ਸੋਚ ਦੀ ਅਵੱਸਥਾ ਨਹੀਂ ਹੋ ਸਕਦੀਆਂ ਤਾਂ ਇਹ ਨਾਮ ਅਭਿਆਸ ਕਮਾਈ ਦੀ ਅਵੱਸਥਾਵਾਂ ਹੋਣਗੀਆਂ। ਜੇ ਅਸੀਂ ਇਨ੍ਹਾਂ ਨੂੰ ਨਾਮ ਅਭਿਆਸ ਕਮਾਈ ਦੀ ਅਵੱਸਥਾਵਾਂ ਮੰਨ ਲਈਏ ਤਾਂ ਸੋਚਣਾ ਪਵੇਗਾ ਕਿ ਅਸੀਂ ਕਿਸ ਕਿਸ ਅਵੱਸਥਾ ਨੂੰ ਕਿਸ ਕਿਸ ਖੰਡ ਦਾ ਨਾਮ ਦੇਈਏ, ਨਾਮ ਦੇਈਏ ਤਾਂ ਕਿਸ ਆਧਾਰ ਤੇ ਦੇਈਏ। ਗੁਰਬਾਣੀ ਅੰਦਰ, ਇਨ੍ਹਾਂ ਖੰਡਾਂ ਦਾ ਜੋ ਵਿਵਰਣ ਮਿਲਦਾ ਹੈ ਕਿਆ ਉਹ ਵਿਵਰਨ, ਸਾਡੇ ਵਲੋਂ ਮੰਨੇ ਗਏ ਖੰਡਾਂ ਤੇ ਪੂਰਾ ਉਤਰਦਾ ਭੀ ਹੈ ? ਜਿਵੇਂ ਕਿ "ਧਰਮ ਖੰਡ ਕਾ ਏਹੋ ਧਰਮੁ" ਕੇਹੜਾ "ਧਰਮ ?" "ਕਰਮੀ ਕਰਮੀ ਹੋਇ ਵੀਚਾਰੁ.......... " "ਕਚ ਪਕਾਈ ਓਥੈ ਪਾਇ।। ਨਾਨਕ ਗਇਆ ਜਾਪੈ ਜਾਇ" ਉਥੇ ਜੀਵਾਂ ਦੇ ਕੀਤੇ ਹੋਇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ। ਉੱਥੇ (ਧਰਮ ਖੰਡ ਵਿਖੇ) ਕਚੇ ਪਕਿਆਂ ਦੀ ਪਰਖ ਹੁੰਦੀ ਹੈ। ਇਸ ਹਕੀਕਤ ਦੀ ਸੋਝੀ ਉੱਥੇ ਗਿਆਂ ਹੀ ਹੁੰਦੀ ਹੈ। ਧਰਮ ਖੰਡ ਦੀ ਕੀਤੀ ਗਈ ਇਸ ਵਿਆਖਿਆ ਨੂੰ, ਗੁਰਮਤਿ ਮਾਰਗ ਦੀ ਕਿਸ ਅਵੱਸਥਾ ਜਾਂ Stage ਤੇ ਲਾਗੂ ਕਰਾਂਗੇ ?

"ਗਿਆਨ ਖੰਡ ਕਾ ਆਖਹੁ ਕਰਮੁ"

ਗਿਆਨ ਖੰਡ ਦਾ ਜੋ ਭੀ ਕਰਮੁ ਹੈ, ਉਹ-

"ਕੇਤੇ ਪਵਣ ਪਾਣੀ ਵੈਸੰਤਰ ਕੇਤੇ, ਕੇਤੇ ਕਾਨ ਮਹੇਸ" ਵਾਲੀ ਅਗਲੀ ਸਾਰੀ ਪਉੜੀ ਵਿੱਚ ਦਰਜ ਹੈ ਜਿਸ ਵਿੱਚ ਕੁਦਰਤ ਦੀ ਕਾਇਨਾਤ ਅੰਦਰ ਬੇਅੰਤ ਪਸਾਰੇ ਦਾ ਜ਼ਿਕਰ ਹੈ। ਕੁਦਰਤ ਦੇ ਇਸ ਬੇਅੰਤ ਪਸਾਰੇ ਨੂੰ ਨਾਮ ਅਭਿਆਸ ਦੀ ਕਿਸ ਅਵੱਸਥਾ ਨਾਲ ਜੋੜਾਂਗੇ ?

ਇਸੀ ਤਰ੍ਹਾਂ ਹੀ ਅਗਲੇ, ਸਰਮ ਖੰਡ ਅਤੇ ਕਰਮ ਖੰਡ ਬਾਰੇ-

"ਸਰਮ ਖੰਡ ਕੀ ਬਾਣੀ ਰੂਪੁ।।
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।।
ਤਿਥੈ ਜੋਧ ਮਹਾ ਬਲ ਸੂਰ।।
ਤਿਥੈ ਸੀਤੋ ਸੀਤਾ ਮਹਿਮਾ ਮਾਹਿ।।
ਤਿਥੈ ਭਗਤ ਵਸਹਿ ਕੇ ਲੋਅ।।
ਤਿਥੈ ਖੰਡ ਮੰਡਲ ਵਰਭੰਡ।।
ਤਿਥੈ ਲੋਅ ਲੋਅ ਆਕਾਰ।।" (ਪੰਨਾ ੮)

ਇਸ ਸਾਰੇ ਹੀ ਵਿਵਰਨ ਨੂੰ ਕਿਸ ਅਵੱਸਥਾ ਨਾਲ ਜੋੜਿਆ ਜਾ ਸਕਦਾ ਹੈ ? ਉੱਪਰ ਦਿੱਤੇ ਹਵਾਲਿਆਂ ਵਿੱਚ "ਤਿਥੈ" ਅਤੇ "ਓਥੈ" ਦੇ ਸ਼ਬਦਾਂ ਦੀ ਕਈ ਵਾਰ ਵਰਤੋਂ ਹੋਈ ਹੈ ਜਿਸ ਦਾ ਅਰਥ ਹੈ ਉਸ ਥਾਂ, ਜਾਂ ਉਸ ਜਗਾਹ। ਇਸ ਤੋਂ ਭੀ ਪਰਤੀਤ ਹੁੰਦਾ ਹੈ ਕਿ ਇਹ ਜ਼ਿਕਰ ਕੁਦਰਤ ਦੀ ਕਾਇਨਾਤ ਦੇ ਅੰਦਰ ਕਾਇਮ, ਕਿਸੀ ਥਾਂ ਜਾਂ ਥਾਂਵਾਂ ਬਾਰੇ ਹੈ। ਨਾ ਕਿ ਮਨ ਦੀ ਸੋਚ ਜਾਂ ਨਾਮ ਅਭਿਆਸ ਕਮਾਈ ਦੇ ਰਸਤੇ ਵਿੱਚ ਆਉਂਦੇ ਹੋਏ ਕਿਸੀ ਪੜਾਓ ਬਾਰੇ।

ਉਪਰ ਲਿਖੀ ਪੜਚੋਲ ਅਨੁਸਾਰ, ਜੇ ਇਹ ਖੰਡ ਨਾਂ ਤੇ ਮਨ ਦੀ ਸੋਚ ਵਿਚਾਰ ਦੀ ਅਵੱਸਥਾਵਾਂ ਹਨ ਤੇ ਨਾਂ ਹੀ ਨਾਮ ਅਭਿਆਸ ਕਮਾਈ ਦੇ ਰਸਤੇ ਵਿੱਚ ਆਉਂਦੇ ਹੋਏ ਕੋਈ ਪੜਾਓ ਹੀ ਹਨ ਤਾਂ ਇਨ੍ਹਾਂ ਖੰਡਾਂ ਦੀ ਹਕੀਕਤ ਕਿਆ ਹੋਈ ?

ਚਲਦਾ

ਸਾਧੋ ਮਨ ਕਾ ਮਾਨੁ ਤਿਆਗਉ।।
ਕਾਮ, ਕ੍ਰੋਧ, ਸੰਗਤਿ ਦੁਰਜਨ ਕੀ।।
ਤਾ ਤੇ ਅਹਿਨਿਸਿ ਭਾਗਉ।।੧।। ਰਹਾਉ।।
(ਗਉੜੀ ਮ: ੯, ਪੰਨਾ ੨੧੯)



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਵੈਰਾਗ

(ਪ੍ਰਿੰ: ਸੱਜਣ ਸਿੰਘ ਜੀ)

ਵੈਰਾਗ ਦੀ ਆਰੰਭਤਾ ਬਿਰਹੋਂ ਦੇ ਅਹਿਸਾਸ ਤੋਂ ਹੁੰਦੀ ਹੈ। ਜਿਸ ਪੁਰਸ਼ ਨੂੰ ਏਨੀ ਸੋਝੀ ਨਹੀਂ ਕਿ ਉਹ ਪ੍ਰਭੂ ਤੋਂ ਵਿਛੜਿਆ ਹੋਇਆ ਹੈ, ਉਸ ਦੇ ਅੰਦਰ ਮਿਲਾਪ ਦੀ ਭਾਵਨਾ ਉਤਪੰਨ ਹੋਣੀ ਸੰਭਵ ਨਹੀਂ। ਜੇ ਹਿਰਦੇ ਵਿਚ ਵਸਲ ਦੀ ਚਾਹ ਹੋਵੇ, ਤੇ ਮਨ ਵਿਚ ਉਤਸ਼ਾਹ ਹੋਵੇ ਤਾਂ ਜੀਵ ਮਿਲਾਪ ਲਈ ਕੋਈ ਹੀਲਾ ਲੱਭਣ ਦਾ ਜਤਨ ਕਰਦਾ ਹੈ, ਨਹੀਂ ਤਾਂ ਨਿਗੁਰਾ ਪ੍ਰਾਣੀ ਜਨਮ ਤੋਂ ਮੌਤ ਤਕ ਉਦਰ ਪੂਰਤੀ ਦੇ ਚੱਕਰ ਵਿਚ ਹੀ ਜਨਮ ਕੌਡੀ ਦੇ ਭਾਅ ਗਵਾਉਂਦਾ ਹੈ। ਰੱਬੀ ਬਿਹਰੋਂ ਦੀ ਗੱਲ ਤਾਂ ਬਹੁਤ ਦੂਰ ਦੀ ਹੈ, ਪਸ਼ੂਆਂ ਵਿੱਚ ਸਾਧਾਰਣ ਬਿਰਹੋਂ ਦੀ ਕਾਂਗ ਵੀ ਨਾਮ ਮਾਤਰ ਹੁੰਦੀ ਹੈ, ਜੇ ਕਿਤੇ ਹੈ ਤਾਂ ਥੋੜ੍ਹ-ਚਿਰੇ ਪਿਆਰ ਕਰਕੇ। ਬਿਹਰੋਂ ਨੂੰ ਸੁਲਤਾਨ ਆਖਿਆ ਹੈ, ਕਿਉਂਕਿ ਬਿਹਰੋਂ-ਬਿਹੂਨ ਪ੍ਰਾਣੀ, ਜਿਸ ਦਾ ਹਿਰਦਾ ਜਜ਼ਬਾਤ ਵਿੱਚ ਜੀਵਤ ਨਹੀਂ, ਮੁਰਦਾ ਹੈ :-

**ਸਲੋਕ।। ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨੁ।। ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।।੩੬।।** (੧੩੭੯)

ਭਗਤਾਂ ਤੇ ਸੰਸਾਰੀਆਂ ਦੇ ਬਿਰਹੋਂ ਪ੍ਰਤੀ ਵਿਚਾਰ ਵੱਖਰੇ ਨੇ, ਅਰਮਾਨ ਵੱਖਰੇ ਨੇ। ਅਲੱਗ ਅਲੱਗ ਮਾਰਗ ਅਪਨਾਉਣ ਵਾਲਿਆਂ ਦਾ ਜੋੜ ਬਣਦਾ ਨਹੀਂ ਹੈ। ਜਿਥੇ ਸੰਸਾਰੀ ਲੋਕ ਮਾਇਕ ਪਦਾਰਥ ਤੇ ਖਾਕੀ ਕਾਇਆਂ ਦੇ ਵਿਛੋੜੇ ਵਿਚ ਰੁਦਨ ਕਰਦੇ ਹਨ, ਉੱਥੇ ਭਗਤ ਜਨ ਪ੍ਰਭੂ ਦੇ ਵਿਛੋੜੇ ਵਿਚ ਮੱਛੀ ਵਾਂਗਰ ਬਿਹਬਲ, ਚਕਵੀ ਵਾਂਗਰ ਵਿਆਕੁਲ ਤੇ ਬਾਬੀਹੇ ਵਾਂਗਰ ਪਿਆਸੇ ਹੁੰਦੇ ਹਨ। ਇਸ ਦੇ ਇਲਾਵਾ, ਨਿਰਾਸ਼ਾਵਾਦ, ਨਾਸ਼ੁਕਰਾਪਨ ਤੇ ਗਿਲਾ ਸ਼ਿਕਾਇਤ ਮਾਇਆ ਧਾਰੀਆਂ ਨੂੰ ਵਿਆਪਦਾ ਹੈ ਤੇ ਨਾਮ ਅਧਾਰੀ ਸੰਤ ਜਨ ਸਦਾ ਹੀ ਆਸ਼ਾਵਾਦੀ, ਰਜ਼ਾ ਵਿੱਚ ਰਹਿਣ ਵਾਲੇ ਤੇ ਸਹਜ ਅਵਸਥਾ ਵਿਚ ਵਿਚਰਦੇ ਹਨ।

ਮਹਾਨ ਕੋਸ਼ ਵਿੱਚ ਵਿਦਵਾਨਾ ਦੁਆਰਾ ਵੈਰਾਗ ਦੇ ਚਾਰ ਭੇਦ ਮੰਨੇ ਦਰਸਾਏ ਗਏ ਹਨ:-

੧. **ਯਤਮਾਨ**- ਸੰਸਾਰ ਨੂੰ ਦੁੱਖ ਰੂਪ ਜਾਣ ਕੇ ਸਾਧ-ਸੇਵਾ ਦੁਆਰਾ ਪਰਮਾਰਥ ਪ੍ਰਾਪਤੀ ਦਾ ਯਤਨ ਕਰਨਾ।

੨. **ਵਯਤਿਰੇਕ**- ਵਿਚਾਰ ਨਾਲ ਹਾਨੀਕਾਰਕ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਦਾ ਗ੍ਰਹਿਣ ਕਰਨਾ।

੩. **ਏਕੇਂਦ੍ਰਿਯ**- ਇੰਦ੍ਰੀਆਂ ਦੇ ਭੋਗਾਂ ਤੋਂ ਗਿਲਾਨੀ ਕਰਕੇ ਮਨ ਵਿਚ ਸਾਰੇ ਇੰਦ੍ਰਿਆਂ ਨੂੰ ਲਯ ਕਰਨਾ।

੪. **ਵਸ਼ਿਕਾਰ**- ਮਨ ਅਜਿਹਾ ਕਾਬੂ ਕਰਨਾ ਕਿ ਪਦਾਰਥਾਂ ਵਲ ਜਾਣ ਦਾ ਕਦੇ ਸੰਕਲਪ ਨਾ ਫੁਰੇ।

ਮਹਾਤਮਾ ਬੁੱਧ ਦਾ ਵੈਰਾਗ ਪਹਿਲੇ ਵਰਗ ਨਾਲ ਸਬੰਧਤ ਹੈ। ਦੁੱਖ, ਕਲੇਸ਼, ਕਸ਼ਟ, ਬੁਢਾਪਾ ਆਦਿ ਨੇ ਉਸ ਦੇ ਮਨ ਵਿਚ ਇਹ ਗੱਲ ਦ੍ਰਿੜਾ ਦਿੱਤੀ ਕਿ ਸੰਸਾਰ ਦੁਖਾਂ ਦਾ ਘਰ ਹੈ ਤੇ ਕਾਲ ਨੇ ਜੀਵ ਨੂੰ ਅੱਜ ਜਾਂ ਕੱਲ ਅਵੱਸ਼ ਗ੍ਰਸਣਾ ਹੈ। ਇਹ ਸੀ ਮੂਲ ਕਾਰਣ, ਉਸ ਦੇ ਵੈਰਾਗ ਤੇ ਤਿਆਗ ਦਾ। ਗੁਰਬਾਣੀ ਵਿਚ ਸੰਸਾਰ ਦੇ ਦੋਨਾਂ ਰੂਪਾਂ ਦਾ ਜ਼ਿਕਰ ਹੈ, ਮਨਮੁਖ ਲਈ ਦੁਖ-ਰੂਪ ਤੇ ਗੁਰਮੁਖ ਲਈ ਸੁਖ ਰੂਪ।

**ਮਨਮੁਖ ਹਰਿ ਨਾਮੁ ਨ ਸੇਵਿਆ**
**ਦੁਖੁ ਲਗਾ ਬਹੁਤਾ ਆਇ।।** (੬੪੭)

ਪਰ **"ਗੁਰਮੁਖ ਭਏ ਨਿਰਾਸ**
**ਪਰਮ ਸੁਖੁ ਪਾਇਆ।।"** (੧੨੪੯)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਸਾਰ ਨੂੰ ਮੂਲ ਰੂਪ ਵਿੱਚ ਸਚੇ ਦੀ ਕੋਠੜੀ ਆਖਿਆ ਹੈ, ਕਿਉਂਕਿ ਇਸ ਵਿਚ ਉਹ ਆਪ ਸਮਾਇਆ ਹੋਇਆ ਹੈ।

**ਮਹਲਾ ੨।।ਇਹੁ ਜਗੁ ਸਚੈ ਕੀ ਹੈ ਕੋਠੜੀ**
**ਸਚੇ ਕਾ ਵਿਚਿ ਵਾਸੁ।।**
**ਇਕਨਾ ਹੁਕਮਿ ਸਮਾਇ ਲਏ**
**ਇਕਨਾ ਹੁਕਮੇ ਕਰੇ ਵਿਣਾਸੁ।।**
**(੪੬੩) ਆਸਾ ਦੀ ਵਾਰ।**

(੧) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਵਿੱਚ ਵੈਰਾਗ ਦੀ ਭਾਵਨਾ ਉਸ ਸਮੇਂ ਪ੍ਰਗਟ ਹੋਈ (ਜਿਹੜੀ ਕਿ ਪਹਿਲਾਂ ਵੀ ਹਿਰਦੇ ਵਿੱਚ ਗੁਪਤ ਰੂਪ ਵਿੱਚ ਮੌਜੂਦ ਸੀ) ਜਦ ਉਨ੍ਹਾਂ ਨੇ ਬੀ.ਏ. ਤੇ ਵਕਾਲਤ ਦੋਹਾਂ ਦਾ ਇਮਤਿਹਾਨ ਦੇਣਾ ਸੀ। ਇਹਨਾਂ ਲਈ ਸਫਲਤਾ ਦੀ ਬਖਸ਼ਸ਼ ਲੈਣ ਲਈ, ਪਿਤਾ ਜੀ ਨੇ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਦਾ ਪਾਠ ਕਰਨ ਦੀ ਤਾਕੀਦ ਕੀਤੀ। ਆਗਿਆਕਾਰੀ ਸਪੁੱਤਰ ਦੇ ਅਮਲ ਕਰਦਿਆਂ ਹੀ ਪੂਰਬਲੇ ਜਨਮ ਦਾ ਅੰਕੁਰ ਫੁੱਟ ਪਿਆ। ਉਨ੍ਹਾਂ ਦੇ ਆਪਣੇ ਸ਼ਬਦਾਂ ਅਨੁਸਾਰ "ਪ੍ਰੇਮ ਅੰਸ਼ੀ ਹੰਸਲੇ ਨੂੰ ਪ੍ਰੇਮ ਮੋਤੀਆਂ ਦੀ ਪ੍ਰੇਮ ਚੋਗ ਮਿਲ ਗਈ ਤੇ ਅਜੇਹੀ ਮਿਲੀ ਕਿ ਸਭੇ ਗੱਲਾਂ ਵਿਸਰ ਗਈਆਂ। ਬਾਣੀ ਦਾ ਰਹੱਸ ਦਿਨਾਂ ਵਿੱਚ ਹੀ ਅਜੇਹਾ ਪਰਬਲ ਹੋ ਗਿਆ ਕਿ ਵੈਰਾਗ ਨੇ ਅਣਡਿੱਠੇ ਪ੍ਰੀਤਮ ਦੀ ਖੋਜ ਦਾ ਬਾਵਰਾ ਬਣਾ ਦਿੱਤਾ। ......... ਕਾਲਜ ਵਿੱਚ ਜਾਣਾ, ਡੈਸਕ ਉਪਰ ਪੜ੍ਹਾਈ ਦੀ ਕਿਤਾਬ ਬਰਾਏ ਨਾਮ ਦਿਖਾਵੇ ਮਾਤਰ ਰੱਖ ਛੱਡਣੀ, ਨੀਚੇ ਗੁਪਤ ਖਾਨੇ ਵਿੱਚ ਬਾਈ ਵਾਰਾਂ ਜਾਂ


www.AKJ.Org

ਭਗਤ ਬਾਣੀ, ਦੋਹਾਂ ਵਿੱਚੋਂ ਇੱਕ ਦਾ ਪਾਠ ਕਰਦੇ ਰਹਿਣਾ ਅਤੇ ਨੀਰ ਵਹੇ ਵਹਿ ਚੱਲਦਾ ਰਹਿਣਾ।"

(ਜੇਲ੍ਹ ਚਿੱਠੀਆਂ – ਚਿੱਠੀ ਨੰਬਰ ੫)

(੨) ਭਾਈ ਸਾਹਿਬ ਦੇ ਅਮਲੀ, ਅਭਿਆਸੀ ਜੀਵਨ ਤੋਂ ਇੱਕ ਗੱਲ ਪ੍ਰਤੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੇ ਆਪਣੀ ਵਿਚਾਰ ਤੋਂ ਨਹੀਂ, ਗੁਰਮਤਿ ਵੀਚਾਰ, ਬਿਬੇਕ ਬੁੱਧੀ ਤੇ ਗੁਰ ਉਪਦੇਸ਼ ਤੋਂ ਸੇਧ ਲਈ। ਹੁਕਮਨ ਸਿਰ ਹੁਕਮ ਦੀ ਕਮਾਈ ਕੀਤੀ ਅਤੇ ਜੇਲ੍ਹ ਵਿੱਚ ਅਤਿ ਕਰੜਾਈ ਦੇ ਸਮੇਂ ਵਿੱਚ ਵੀ ਬਿਬੇਕੀ ਰਹਿਤ ਮਰਿਆਦਾ ਵਿੱਚ ਢਿੱਲ ਨਹੀਂ ਆਉਣ ਦਿੱਤੀ, ਸਿਰੜ ਨਹੀਂ ਛੱਡਿਆ, ਕੇਵਲ ਸਤਿਗੁਰੂ ਦੀ ਓਟ ਤੇ ਭਰੋਸਾ ਰੱਖਿਆ। ਆਪ ਨੇ ਆਪਣੇ ਆਤਮਿਕ ਬਲ, ਇਰਾਦਾ ਸ਼ਕਤੀ ਤੇ ਦ੍ਰਿੜਤਾ ਦੁਆਰਾ,ਜੇਲ੍ਹ ਨੂੰ ਜੇਲ੍ਹ ਨਾ ਸਮਝਦਿਆਂ ਅਧਿਆਤਮਕਬੰਦੀ ਦੀ ਪਾਲਣਾ ਅਜਿਹੀ ਚੜ੍ਹਦੀ ਕਲਾ ਵਿੱਚ ਕੀਤੀ, ਜਿਸ ਦੀ ਮਿਸਾਲ ਸੰਸਾਰ ਵਿੱਚ ਲੱਭਣੀ ਮੁਸ਼ਕਲ ਹੈ।

(੩) ਵਰਤਮਾਨ ਕਾਲ ਵਿੱਚ ਅਸੀਂ ਅਮੀਰ ਤੇ ਪਦਾਰਥਵਾਦੀ ਖਿੱਤਾ–ਅਮਰੀਕਾ ਦਾ ਉਦਾਹਰਨ ਦੇ ਸਕਦੇ ਹਾਂ, ਜਿਸ ਦੇ ਵਾਸੀਆਂ ਨੇ ਐਸ਼ੋ ਇਸ਼ਰਤ ਨੂੰ ਆਪਣੇ ਜੀਵਨ ਦਾ ਮਨੋਰਥ ਬਣਾਇਆ ਹੋਇਆ ਹੈ। ਇਨ੍ਹਾਂ ਵਿੱਚੋਂ ਅਨੇਕ ਖਾ–ਪੀ ਕੇ, ਹੰਢਾ ਕੇ, ਰੱਜ ਗਏ ਪਰ ਮਨ ਦੀ ਸੰਤੁਲਨਤਾ ਤੋਂ ਵਾਂਝੇ ਰਹੇ। ਇਨ੍ਹਾਂ ਨੂੰ ਇੰਦ੍ਰੀਆਂ ਦੇ ਭੋਗ ਤੋਂ ਅਤ੍ਰਿਪਤੀ ਹੀ ਰਹੀ, ਸਥਾਈ ਖੁਸ਼ੀ, ਆਤਮਿਕ ਖੇੜਾ, ਅਨੰਦ, ਹੁੱਲਾਸ ਇਨ੍ਹਾਂ ਦੇ ਨੇੜੇ ਨਹੀਂ ਭਟਕਿਆ। ਹੁਣ ਕਈਆਂ ਨੂੰ ਭੋਗਾਂ ਤੋਂ ਗਿਲਾਨੀ ਹੋਣੀ ਸ਼ੁਰੂ ਹੋਈ ਹੈ ਤੇ ਉਹਨਾਂ ਨੂੰ ਗਿਆਨ ਹੋਣ ਲੱਗਾ ਹੈ ਕਿ ਅਧਿਆਤਮਕਵਾਦ ਹੀ ਸੱਚੀ ਖੁਸ਼ੀ ਤੇ ਮਨ ਦੀ ਸ਼ਾਂਤੀ ਦੇਣ ਲਈ ਸਮਰੱਥ ਹੈ।

ਭਾਈ ਸਾਹਿਬ ਦੀ ਮੁੱਢਲੀ ਆਯੂ ਇੰਦ੍ਰੀਆਂ ਦੇ ਰਸ ਤੋਂ ਸਹਿਜ ਸੁਤੇ ਹੀ ਨਿਰਲੇਪ ਰਹੀ। ਇਸ ਕਰਕੇ ਸਮਾਂ ਅਕਾਰਥ ਗਵਾਉਣ ਦੇ ਪਛਤਾਵੇ ਨੇ ਉਨ੍ਹਾਂ ਨੂੰ ਬਿਲਕੁਲ ਨਹੀਂ ਪੋਹਿਆ। ਉਨ੍ਹਾਂ ਦੇ ਵੈਰਾਗ ਵਿੱਚ ਤੜਪ ਸੀ ਪਰ ਅਗਨੀ ਨਹੀਂ, ਬਿਹਬਲਤਾ ਸੀ, ਨਿਰਾਸ਼ਤਾ ਨਹੀਂ, ਗੁਆਉਣ ਦੀ ਭਾਵਨਾ ਨਹੀਂ, ਕੁਝ ਪ੍ਰਾਪਤ ਕਰਨ ਦੀ ਲਾਲਸਾ ਸੀ। ਭਾਈ ਸਾਹਿਬ ਦਾ ਵੈਰਾਗ–ਮਈ ਭਾਂਡਾ ਖਾਲੀ ਨਹੀਂ, ਲਬਾ ਲਬ ਭਰਿਆ ਹੋਇਆ ਸੀ। ਇਹ ਦੁੱਖਾਂ, ਕਸ਼ਟਾਂ, ਮੁਸੀਬਤਾਂ ਨਾਲ ਕੁਮਲਾਇਆ ਨਹੀਂ ਬਲਕਿ ਵਿਸ਼ਵਾਸ਼, ਭਾਣੇ ਤੇ ਨਾਮ ਦੀ ਕਣੀ ਨਾਲ ਹਰਿਆ ਭਰਿਆ ਮੌਲਿਆ ਤੇ ਸਰਸ਼ਾਇਆ ਸੀ।

ਭਾਈ ਸਾਹਿਬ ਨੂੰ ਨਾਮ ਰਸ ਦਾ ਉਹ ਅਕਹਿ ਸੁਆਦ ਆਇਆ ਕਿ ਆਨ ਹੋਛੇ ਰਸ ਨੀਰਸ ਬਣ ਗਏ। ਅਕਾਲੀ ਜੋਤਿ ਦੇ ਦਰਸ਼ਨ ਨੇ ਹੋਰ ਤੱਕਣ ਦੀ ਚਾਹ ਮੁਕਾ ਦਿੱਤੀ। ਘਰੋਗੀ ਜਾਇਦਾਦ ਤੇ ਘਰ ਪਰਿਵਾਰ ਦਾ ਮੋਹ ਭਰਮਾ ਨਹੀਂ ਸਕਿਆ। ਪਦਵੀ ਦੀ ਪਕੜ ਦੀਆਂ ਕੜੀਆਂ ਟੁੱਟ ਗਈਆਂ। ਇਉਂ ਭਾਈ ਸਾਹਿਬ ਦੇ ਵੈਰਾਗ ਨੇ ਪੂਰਨ ਗੁਰਸਿੱਖ ਦਾ ਸੱਚਾ, ਸੁੱਚਾ, ਆਦਰਸ਼ਕ ਵੈਰਾਗ ਸਿੱਖ ਸੰਗਤ ਦੀ ਝੋਲੀ ਵਿੱਚ ਪਾਇਆ। ਜਿਨ੍ਹਾਂ ਨੂੰ ਭਾਈ ਸਾਹਿਬ ਜੀ ਦੇ ਸਰੀਰਕ ਦਰਸ਼ਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਨੂੰ, ਆਪ ਦੀ ਪੁਸਤਕ 'ਜੇਲ੍ਹ ਚਿੱਠੀਆਂ ' ਵਿੱਚੋਂ ਬਿਰਹੋਂ ਕੁੱਠੀ ਆਤਮਾ, ਸਹਜ ਵੈਰਾਗ, ਦੇਵੀ ਤੜਪ ਤੇ ਦਰਸ ਮਿਲਾਪੜੇ ਅਗੰਮੀ ਰਸ ਦਾ ਝਲਕਾਰਾ ਸਹਜੇ ਹੀ ਪਰਤੀਤ ਹੁੰਦਾ ਹੈ।

ਡਿਪਟੀ ਕਮਿਸ਼ਨਰ ਤੇ ਡਾਕਟਰ ਫਿਸ਼ਰ, ਭਾਈ ਸਾਹਿਬ ਜੀ ਦੀ ਤਿਆਗਮਈ ਬਿਰਤੀ, ਵੈਰਾਗਮਈ ਸੁਭਾਅ, ਸਦਾਚਾਰਕ ਗੁਣਾਂ ਤੇ ਬੇਲਾਗ ਜੀਵਨ ਤੋਂ ਇੰਨੇ ਪ੍ਰਭਾਵਤ ਹੋਏ, ਫਰਜ਼–ਸ਼ਨਾਸੀ, ਸਮੇਂ ਦੀ ਪਾਬੰਦੀ, ਸੱਚੀ ਲਗਨ, ਈਮਾਨਦਾਰੀ, ਨਿਰਲੇਪ ਅਵਸਥਾ ਤੇ ਵਫਾਦਾਰੀ ਨੇ ਉਨ੍ਹਾਂ ਦਾ ਮਨ ਇੰਨਾ ਮੋਹ ਲਿਆ ਕਿ ਤਸੀਲਦਾਰੀ ਦੀ ਨੌਕਰੀ ਤਿਆਗਣ ਸਮੇਂ, ਉਨ੍ਹਾਂ ਨੇ ਭਾਈ ਸਾਹਿਬ ਦੇ ਪਿਤਾ ਨੂੰ ਬੁਲਾਇਆ ਤੇ ਸਨਮੁਖ ਹੋ ਕੇ ਕਿਹਾ ਕਿ 'ਸਰਦਾਰ ਸਾਹਿਬ ਅਫ਼ਸੋਸ! ਆਪ ਕਾ ਲੜਕਾ ਨਾ ਆਪ ਕੇ ਕਾਮ ਕਾ ਰਹਾ ਨਾ ਹਮਾਰੇ ਕਾਮ ਕਾ। ਤੁਮਾਰੇ ਹਾਥ ਸੇ ਗਿਆ ਔਰ ਹਮਾਰੇ ਹਾਥ ਭੀ ਨਾ ਆਏਗਾ। ਅਫ਼ਸੋਸ ਕਿ ਗੁਰਨਮੈਂਟ ਕੇ ਹਾਥ ਸੇ ਏਕ ਸੋਨੇ ਕੀ ਚਿੜੀਆ ਜਾਤੀ ਹੈ।'

ਇਸ ਘਟਨਾ ਦੇ ਬਾਅਦ ਸੋਨੇ ਦੀ ਚਿੜੀਆਂ ਅਜ਼ਾਦ ਹੋ ਗਈ ਤੇ ਇਸ ਨੇ ਦੇਸ਼, ਕੌਮ ਤੇ ਮਾਨਵਤਾ ਦੀ ਸੇਵਾ ਲਈ ਆਪਣਾ ਤਨ, ਮਨ, ਧਨ ਨਿਛਾਵਰ ਕਰ ਦਿੱਤਾ।

ਵੈਰਾਗ ਦੇ ਅੱਖਰੀ ਅਰਥ ਹਨ:– ਰਾਗ ਦਾ ਅਭਾਵ ਜਾਂ ਪਿਆਰ ਤੋਂ ਨਿਰਲੇਪ ਅਰਥਾਤ ਜਗਤ ਦੇ ਪਦਾਰਥਾਂ ਤੋਂ ਉਪਰਾਮ ਹੋਣਾ। ਭਗਤ ਕਬੀਰ ਜੀ ਦੀ ਦ੍ਰਿਸ਼ਟੀ ਵਿੱਚ ਧਰਮ–ਸੁੱਚੀ ਨੇਕ ਕਮਾਈ ਕਰਨ ਵਾਲਾ ਸੱਚਾ ਗ੍ਰਿਹਸਥੀ ਹੈ ਤੇ ਸੰਸਾਰਕ ਬੰਧਨਾਂ ਤੋਂ ਮੁਕਤ ਸੱਚਾ ਬੈਰਾਗੀ ਹੈ। ਜੇ ਜ਼ਾਹਰਾ ਤੌਰ ਤੇ ਬੈਰਾਗੀ ਹੁੰਦਾ ਹੋਇਆ ਸੰਸਾਰ ਦੇ ਮੋਹ ਵਿੱਚ ਫਸ ਜਾਵੇ ਤਾਂ ਉਹ ਬਹੁਤ ਅਭਾਗਾ ਹੈ ਤੇ ਉਸ ਦਾ ਕੋਈ ਟਿਕਾਣਾ ਨਹੀਂ।

**ਸਲੋਕ।। ਕਬੀਰ ਜਉ ਗ੍ਰਿਹੁ ਕਰਹਿ**
**ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ।।**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ।।੨੪੩।।**

ਸਲੋਕ ਭਗਤ ਕਬੀਰ ਜੀ (੧੩੭੭)



www.AKJ.Org

ਭਾਈ ਸਾਹਿਬ ਸੰਸਾਰਕ ਅੱਖਾਂ ਲਈ ਧਰਮ ਨਿਭਾਉਣ ਵਾਲੇ ਪੂਰਨ ਗ੍ਰਿਹਸਥੀ ਤੇ ਪ੍ਰਮਾਰਥਕ ਦ੍ਰਿਸ਼ਟੀ ਕੋਣ ਤੋਂ ਪੂਰਨ ਵੈਰਾਗੀ ਸਨ ਜਿਨਾਂ ਨੇ ਹੱਠ ਨਾਲ ਨਹੀਂ, ਨਾਮ ਅਭਿਆਸ ਨਾਲ ਆਪਣੇ ਮਨ ਨੂੰ ਮਾਇਕ ਪਦਾਰਥਾਂ ਵਿੱਚ ਖੱਚਤ ਹੋਣ ਤੋਂ ਰੋਕਿਆ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ-

ਵਡਹੰਸ ਮਹਲਾ ੩।।
ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ।।
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ।।
ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪ ਪਛਾਣਿਆ।।
ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ।।
(੫੬੯)

ਅਸਲੀ ਵੈਰਾਗੀ ਕੇਵਲ ਜਗਤ ਤੋਂ ਉਪਰਾਮ ਹੀ ਨਹੀਂ ਹੁੰਦਾ, ਉਸ ਦੀ ਲਿਵ ਵੀ ਸੱਚ ਵਿੱਚ ਅਰਥਾਤ ਨਿਰੰਕਾਰ ਦੇ ਚਰਨਾਂ ਵਿੱਚ ਜੁੜੀ ਹੁੰਦੀ ਹੈ। ਗੁਰਦੇਵ ਜੀ ਦਾ ਇਕ ਹੋਰ ਫੁਰਮਾਨ ਪ੍ਰੋੜਤਾ ਕਰਦਾ ਹੈ-

ਹਰਿ ਵਾਪਾਰਿ ਸੇ ਜਨ ਲਾਗੇ
ਜਿਨਾ ਮਸਤਕਿ ਮਣੀ ਵਡਭਾਗੋ ਰਾਮ।।
ਗੁਰਮਤੀ ਮਨੁ ਨਿਜ ਘਰਿ ਵਸਿਆ
ਸਚੈ ਸਬਦਿ ਬੈਰਾਗੋ ਰਾਮ।। (੫੬੮)

ਤਾਂ ਤੇ ਸਚੇ ਨਾਮ ਤੋਂ ਸੱਚਾ ਬੈਰਾਗ ਉਪਜਦਾ ਹੈ। ਗੁਰਮਤਿ ਵੈਰਾਗ ਕਈ ਤੱਤਾਂ ਦਾ ਮਜਮੂਆ ਹੈ। ਇਸ ਵਿੱਚ-

(੧) ਉਦਾਸੀਨ ਭਾਵਨਾ ਦੇ ਇਲਾਵਾ ਸੱਚ-ਨਾਮ-ਰਤਾ ਬਿਰਹਾ ਪਰਧਾਨ ਹੈ।

ਹੋਰੁ ਬਿਰਹਾ ਸਭ ਧਾਤੁ ਹੈ
ਜਬ ਲਗੁ ਸਾਹਿਬ ਪ੍ਰੀਤਿ ਨ ਹੋਇ।। (੮੩)

(੨) ਅਣਡਿੱਠੇ ਤੇ ਅਦ੍ਰਿਸਟ ਪ੍ਰਭੂ ਦੇ ਬਿਹਰੋਂ ਵਿੱਚ "ਰੋਮਿ ਰੋਮਿ ਮਨਿ ਤਨਿ ਇਕ ਬੇਦਨ (੮੩੬)" ਦੀ ਅਵੱਸਥਾ ਵਾਪਰਨੀ, ਬਿਸਮਾਦੀ ਦਸ਼ਾ ਦੀਆਂ ਮਸਤੀਆਂ ਤੇ ਬੇਪਰਵਾਹੀਆਂ ਵਿੱਚ ਰਹਿਣਾ।

(੩) ਸੱਚੀ ਖੋਜ ਵਿਚ ਬੈਰਾਗਨ ਬਣਨਾ "ਖੋਜਤ ਭਈ ਬੈਰਾਗਨਿ"(੨੦੪) ਪ੍ਰੇਮ ਦੇ ਤੀਰ ਦੁਆਰਾ ਹਿਰਦੇ ਦਾ ਵਿੰਨਿਆ ਜਾਣਾ ਤੇ ਧੀਰਜ ਦਾ ਮੁੱਕਣਾ।

(੪) ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ (ਸਾਰੰਗ ਮਹਲਾ ੫, ੧੨੦੩) ਇਸ਼ਕ ਹਕੀਕੀ ਵਿੱਚ ਆਕਲ ਬਿਕਲ ਹੋਣਾ, ਲੋਟ ਪੋਟ ਹੋਣਾ, ਤੇ ਦੇਹੋਂ ਬਿਦੇਹ ਹੋਣਾ, ਅਦਿਕ।

ਇਹ ਸਾਰੇ ਰਸ ਭਿੰਨੜੇ-ਆਤਮ-ਤਰੰਗੀ ਗੁਣ ਭਾਈ ਸਾਹਿਬ ਜੀ ਦੀ ਪਾਵਨ ਸ਼ਖਸੀਅਤ ਦੇ ਅਟੁੱਟ ਅੰਗ ਸਨ। ਕਮਾਲ ਦਾ ਗੁਣ ਇਹ ਸੀ ਕਿ ਬਿਬੇਕੀ ਤੇ ਤੱਤ ਗਿਆਨੀ ਹੁੰਦਿਆਂ ਵੀ ਉਹ ਅਮਲੀ ਤੌਰ ਤੇ ਭਾਵਕ ਤੇ ਜਜ਼ਬਾਤੀ ਸਨ। ਕਿਸੇ ਸਿਆਣੇ ਨੇ ਠੀਕ ਆਖਿਆ ਹੈ ਕਿ ਗਿਆਨ ਨਾਲ ਪ੍ਰਭੂ ਜਾਣਿਆ ਜਾਂਦਾ ਹੈ ਤੇ ਪ੍ਰੇਮ ਦੁਆਰਾ ਪ੍ਰਭੂ ਪਾਇਆ ਜਾਂਦਾ ਹੈ। ਤਾਂ ਤੇ ਭਾਈ ਸਾਹਿਬ ਦਾ ਗਿਆਨ ਵੀ ਤੇ ਧਿਆਨ ਵੀ, ਪੂਰਨਤਾ ਤੱਕ ਪਹੁੰਚਿਆ ਹੋਇਆ ਸੀ। ਨਾਮ- ਰਸ ਲੀਨਤਾ ਲਈ ਉਹਨਾਂ ਨੇ ਚੋਟੀ ਦੀ ਜੁਗਤੀ ਅਪਣਾਈ, ਇਹ ਸੀ , ਪ੍ਰੇਮ-ਪਲੀਤਾ, ਸੁਰਤਿ ਹਵਾਈ ਤੇ ਗਿਆਨ ਦੇ ਗੋਲੇ ਦੀ।

ਉਹਨਾਂ ਦੀ ਨਾਮ ਦੀ ਸਿੱਕ ਤੇ ਦਰਸ਼ਨ ਦੀ ਚਾਹ ਏਨੀ ਪਰਬਲ ਸੀ ਕਿ ਪੰਜਾਂ ਸਖੀਆਂ (ਗਿਆਨ ਇੰਦ੍ਰੀਆਂ) ਦਾ ਸੁਭਾਅ ਹੀ ਬਦਲ ਗਿਆ। ਦੇਹੋਂ ਬਿਦੇਹ ਹੋਣਾ, ਨੇਤਰਾਂ ਵਿਚ ਆਪ ਮੁਹਾਰਾ ਜਲ ਵਹਿਣਾ, ਨਿਰੰਜਨੀ ਜੋਤਿ ਦਾ ਤੱਕਣਾ, ਜਿਹਬਾ ਨੂੰ ਬਿਸਮਾਦੀ ਸੁਆਦ ਦਾ ਗਟਾਕ ਰਸ ਪ੍ਰਾਪਤ ਹੋਣਾ, ਕੰਨਾਂ ਦੁਆਰਾ ਦਸਮ ਦੁਆਰ ਵਿੱਚ ਅਨਹਦ ਧੁਨੀ ਦਾ ਸੁਣਨਾ, ਆਪਣੀ ਮਿਹਨਤ ਦਾ ਫਲ ਨਹੀਂ, ਧੁਰ ਦਰਗਾਹੋਂ ਬਖਸ਼ਿਸ਼ ਦਾ ਕ੍ਰਿਸ਼ਮਾ ਸੀ। ਉਹਨਾਂ ਦਾ ਵੈਰਾਗ ਉੱਪਰ ਲਿਖੇ ਚਾਰ ਵਰਗਾਂ ਤੋਂ, ਵੱਖਰਾ, ਮੌਲਿਕ ਤੇ ਨਿਆਰਾ ਸੀ। ਇਹ ਸੀ ਗੁਰਮਤਿ ਤੋਂ ਉਪਜਿਆ, ਪਿਆਰ, ਦੀਦਾਰ, ਉਮੰਗ ਉਮਾਹ ਭਰਿਆ ਵੈਰਾਗ। ਭਾਈ ਸਾਹਿਬ ਦੇ ਆਪਣੇ ਸ਼ਬਦਾਂ ਅਨੁਸਾਰ "ਦਾਸ ਦੀ ਜਗਯਾਸਾ, ਕਈ ਸਾਲਾਂ ਦੀ ਜਗਯਾਸਾ ਹੁਣ ਤੀਬਰ ਵੇਗ ਵਾਲੀ, ਵੈਰਾਗ-ਪ੍ਰੇਮ-ਭਰੀ ਜਗਯਾਸਾ ਸੀ।"

ਉਹਨਾਂ ਦੇ ਪ੍ਰੇਮ ਬੇਧੇ ਹਿਰਦੇ ਚੋਂ ਨਿਕਲੇ ਕੀਰਤਨ ਵਿਚ ਕਰਾਮਤੀ ਅਸਰ ਸੀ, ਮੁਗਧ ਕਰਨ ਦੀ ਸਮਰੱਥਾ ਸੀ, ਟੁੱਟਿਆਂ ਨੂੰ ਜੋੜਨ ਦੀ ਸ਼ਕਤੀ ਸੀ। ਸੁਣ ਕੇ ਕਈਆਂ ਦੇ ਜੀਵਨ ਪਲਟ ਗਏ। ਉਹ ਆਪ ਵੀ ਚਲੂਲੇ ਰੰਗਾਂ ਵਿੱਚ ਖੇਡੇ, ਸੰਪਰਕ ਵਿਚ ਆਉਣ ਵਾਲੇ ਗੁਰਮੁਖਾਂ ਨੂੰ ਵੀ ਖਿਡਾਇਆ।

ਅਨੰਦ, ਅਨੰਦ ਦੀ ਡੀਂਗ ਬਥੇਰੇ ਮਾਰਦੇ ਹਨ ਪਰ ਭਾਈ ਸਾਹਿਬ ਦਾ ਅਨੰਦ ਹੁਲਾਸ, ਅਗੰਮੀ ਖੁਸ਼ੀ ਦਾ ਭੰਡਾਰ ਸੀ ਤੇ ਸਤਿਗੁਰੂ ਦੇ ਪਰਤੱਖ ਦਰਸ਼ਨ ਤੁਫੈਲ ਸੀ। ਅਕਹਿ ਤੇ ਅਸਹਿ ਕਸ਼ਟਾਂ ਵਿੱਚ ਚੜ੍ਹਦੀਆਂ ਕਲਾਂ ਵਿਚ ਰਹਿਣਾ ਜਾਹਰਾ ਪਰਮਾਣ ਸੀ। ਚਾਉ, ਹੁਲਾਰਾ, ਉੱਦਮ, ਖੇੜਾ ਸਤਿਗੁਰੂ ਦੇ ਅੰਗ ਸੰਗ ਹੋਣ ਦੀ ਨਿਸ਼ਾਨੀ ਸੀ।

ਸਾਰਾਂਸ਼ ਉਹਨਾਂ ਦੇ ਜੀਵਨ ਦੀਆਂ ਕਈ ਘਟਨਾਵਾਂ ਗੁਰਮਤਿ ਰਮਜ਼ਾਂ ਜਾਂ ਗੁਹਜ ਤਜਰਬਿਆਂ ਨੂੰ ਲਖਾਉਂਦੀਆਂ ਹਨ। ਉਹਨਾਂ ਦੀ ਆਪਣੀ ਲਿਖਤ ਅਨੁਸਾਰ ਨਾਗਪੁਰ ਨੂੰ ਚਾਲੇ ਪਾਉਂਦਿਆਂ ਰਸਤੇ ਵਿੱਚ ਹਜ਼ੂਰ ਸਾਹਿਬ ਦੇ ਸਰੀਰਕ

ਬਾਕੀ ਪੰਨਾ ੨੪ ਤੇ...........



www.AKJ.Org

# ਆਤਮਕ ਮਾਰਗ ਦਾ ਪਾਂਧੀ

ਪ੍ਰਿੰ: ਮੋਹਰ ਸਿੰਘ ਜੀ

ਇਹ ਗਲ ਤਾਂ ਬਿਲਕੁਲ ਤੈਅ ਹੈ ਕਿ ਜਿਥੇ ਦੁਨਿਆਵੀ ਅਕਲ ਤੇ ਹੋਸ਼ਾ ਦੀ ਦੌੜ ਖਤਮ ਹੁੰਦੀ ਹੈ ਉਥੋਂ ਆਤਮਕ ਮਾਰਗ ਸ਼ੁਰੂ ਹੁੰਦਾ ਹੈ ਕਿਉਂ ਜੋ ਇਸ ਮਾਰਗ ਤੇ ਚਲਣ ਲਈ ਆਪਣੀ ਅਕਲ ਦਾ ਆਸਰਾ ਛਡਕੇ ਆਪਣੇ ਆਪ ਨੂੰ self surrender ਦੀ ਪਹੁਲ ਛਕਾ ਕੇ ਫੇਰ ਹੀ ਉਸ ਦਾਤੇ ਦੇ ਦਰ ਤੋਂ ਕੁਝ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਹੈ। ਮਨੁਖ ਆਪਣੀ ਅਕਲ ਦੇ ਖੰਭਾਂ ਨਾਲ ਦੁਨੀਆਂ ਦੀ ਯਾਤ੍ਰਾ ਬੇਸ਼ਕ ਸ਼ਾਨਦਾਰ ਤ੍ਰੀਕੇ ਨਾਲ ਕਰ ਸਕਦਾ ਹੈ ਪਰ ਇਸ ਦਾ ਆਤਮਕ ਪਹਿਲੂ ਖਾਲੀ ਰਹਿ ਜਾਨ ਪਰ ਇਸ ਦੇ ਜੀਵਨ ਦਾ ਅਸਲੀ aim ਪੂਰਾ ਨਹੀਂ ਹੋ ਸਕਦਾ। ਸਰੀਰ ਦੀ ਪੁਸ਼ਟਤਾ ਤੇ ਅਰੋਗਤਾ ਸਰੀਰ ਲਈ ਲਾਭਦਾਇਕ ਹੁੰਦੀ ਹੈ ਪਰ ਆਤਮਾ ਦੀ ਅਰੋਗਤਾ ਤੇ ਸ਼ੁਧਤਾ ਲਈ, ਸ਼ੁਧ ਤੇ ਭੋਲਾ ਮਨ ਚਾਹੀਦਾ ਹੈ। ਇਹ ਮਨ ਵੀ ਐਸਾ ਹੋਣਾ ਚਾਹੀਦਾ ਹੈ ਜੋ ਸਤਿ ਬਚਨੀਆਂ ਹੋਵੇ। ਗੁਰੂ ਦੀ ਦੀਖਿਆ ਪਾ ਕੇ why and how ਦੇ ਗੇੜ ਵਿਚ ਨਾ ਪੈ ਜਾਣ ਵਾਲਾ ਹੋਵੇ। ਇਹ ਮਨ ਇਕ ਧੁਰੇ ਤੇ ਖਲੋਣ ਵਾਲਾ ਹੋਣਾ ਚਾਹੀਦਾ ਹੈ। ਹੋਸ਼ਾ ਵਾਲਾ ਮਨ ਜਿਸ ਵਿਚ ਹੋਸ਼ਾ awakenings ਦੀ ਜਵਾਲਾ ਲਟ ਲਟ ਕਰ ਰਹੀ ਹੋਵੇ ਬਹੁਤ ਹਦ ਤਕ ਇਸ ਮਾਰਗ ਤੋਂ ਅਭਾਗਾ ਹੀ ਰਹਿ ਜਾਵੇਗਾ ਤਾਂ ਕੋਈ ਅਸਚਰਜ ਵਾਲੀ ਗੱਲ ਨਹੀਂ। ਇਕ ਮਹਾਨ ਕਵੀ ਨੇ ਐਸਾ ਕਿਹਾ ਹੈ ਤੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ-

*ਹੋਸ਼ਾਂ ਨਾਲੋਂ ਮਸਤੀ ਚੰਗੀ,*
*ਜੇਹੜੀ ਰੱਖਦੀ ਸਦਾ ਟਿਕਾਣੇ।*

ਜਿਸ ਹਦ ਤਕ ਇਸ ਮਨ ਦੀ ਨਿਰਮਲਤਾ, ਸਾਦਾ ਪਨ ਤੇ ਦ੍ਰਿੜ੍ਹਤਾ ਦਾ ਪ੍ਰਸ਼ਨ ਹੈ ਉਸ ਹਦ ਤਕ ਤਾਂ ਖੁਰਾਫਾਤੀ ਮਨ ਤਾਂ ਇਸ ਮਾਰਗ ਤੇ ਚਲਣਾ ਕੀ, ਇਸ ਮਾਰਗ ਦੀ ਰੂਪ ਰੇਖਾ ਨੂੰ ਹੀ ਸਮਝਣ ਤੋਂ ਖਾਲੀ ਰਵੇਗਾ ਕਿਉਂ ਜੋ ਪਹਿਲੋਂ ਮਨ ਦੀ ਖੁਰਾਫਾਤ ਕੱਢਨ ਦਾ ਯਤਨ ਜੋ ਨਾਂ ਕੀਤਾ ਜਾਵੇ ਤੇ ਫੇਰ ਦੋਵੇਂ ਚੀਜ਼ਾਂ ਦਾ (ਗੁਰਮਿਤ ਦਾ ਵਾਸਾ ਤੇ ਖੁਰਾਫਾਤ ਦਾ ਜ਼ਖੀਰਾ) ਇਕੱਠਾ ਰਹਿਨਾ ਬਨ ਨਹੀਂ ਸਕਦਾ। ਕਿਸੇ ਨੇ ਕਿਸੇ ਵਡੇ ਆਲਮ ਕੋਲੋਂ ਪੁਛਿਆ, ਹੇ ਮਿਤ੍ਰ, ਅਸੀ ਬੇਇਲਮ ਤਾਂ ਆਪਣਾ ਕੀ ਸਵਾਰ ਸਕਦੇ ਹਾਂ, ਸੌਖਾ ਕੰਮ ਤੇ ਆਪ ਲਈ ਹੈ ਜੋ ਆਪਣੀ ਸਮਝ ਦੀ ਤਾਕਤ ਨਾਲ ਰੂਹਾਨੀ ਗੱਲਾਂ ਛੇਤੀ ਸਮਝ ਲੈਂਦੇ ਹੋ। ਉਸ ਨੇ ਕਿਹਾ ਸੋਹਣਾ ਉਤਰ ਦਿਤਾ 'ਜਿਥੋਂ ਤਕ ਮੈਂ ਸੋਚਦਾ ਹਾਂ ਮੇਰਾ ਇਹ ਇਲਮ ਮੈਨੂੰ ਰੂਹਾਨੀ ਗੱਲਾਂ ਸਮਝਣ ਵਿਚ ਬਹੁਤ ਹੀ ਭਾਰੀ ਰੁਕਾਵਟ ਹੈ ਕਿਉਂ ਜੋ ਜਿਥੇ ਵੀ ਵਿਸ਼ਵਾਸ਼ ਨਾਲ ਅਗੇ ਵਧਨ ਦਾ ਮੌਕਿਆ ਆਉਂਦਾ ਹੈ ਮੇਰਾ ਮਨ how and why ਦੇ ਚੱਕਰ ਵਿਚ ਫਸ ਜਾਂਦਾ ਹੈ ਤੇ ਅਗੇ ਵਧਨੋਂ ਰੁਕ ਜਾਂਦਾ ਹੈ। ਇਹ ਮਨ ਤਾਂ ਮੇਰੇ ਲਈ ਐਸਾ ਅੜੀਅਲ ਘੋੜਾ ਹੈ ਜਿਹੜਾ ਕਿ ਖੁਸ਼ਾਮਦ ਮੰਨਦਾ ਹੀ ਨਹੀਂ'। ਠੀਕ ਹੈ ਜਦ ਤਕ ਵਿਦਿਆ ਪੜ੍ਹਨ ਨਾਲ ਮਨੁਖ ਦੇ ਅਦੰਰ ਦਾ ਭੋਲਾ ਪਨ ਪਾਲਸ਼ ਹੋ ਕੇ ਚਮਕ ਦੇਣ ਨਹੀਂ ਲਗਦਾ, ਵਿਦਿਆ ਦਾ ਭੰਡਾਰ ਉਸ ਮਨੁਖ ਲਈ ਆਤਮਕ ਖੋਜ ਦੇ ਰਸਤੇ ਵਿਚ ਰੁਕਾਵਟ ਹੈ। ਕੀ ਹੋਇਆ ਜੇ ਕੁਝ ਸਮੇਂ ਤਕ ਉਸ ਦੀ ਅਕਲ ਨੇ ਆਤਮਕ ਗੱਲਾਂ ਸਮਝੀਆਂ ਪਰ ਸਮਝਨ ਤੋਂ ਮਗਰੋਂ ਉਹ ਉਸਨੂੰ practical shape ਦੇਣ ਵਿਚ ਉਨੀ ਸਰਲਤਾ ਤੇ smoothness ਨਹੀਂ ਆਵੇਗੀ ਜਿੰਨੀ ਕਿ ਭੋਲੇ ਭਾਲੇ ਅਨਪੜ੍ਹ ਮਨ (ਜਿਸ ਦੀ ਦਿਲ ਦੀ ਤਖ਼ਤੀ ਸਾਫ ਹੋਵੇ) ਉਤੇ ਆਵੇਗੀ।

ਅਨੁਭਵ ਗਵਾਹ ਹੈ ਕਿ ਕਿਸੇ ਛੋਟੇ ਤੋਂ ਛੋਟੇ ਤੇ ਅਸਾਨ ਤੋਂ ਅਸਾਨ ਕੰਮ ਦੇ ਸਿਖਨ ਲਈ ਵੀ guidance ਦੀ ਜ਼ਰੂਰਤ ਹੁੰਦੀ ਹੈ। ਠੀਕ ਹੈ ਪਰ ਬਹੁਤ ਸਾਰੇ ਕੰਮ ਐਸੇ ਹੁੰਦੇ ਹਨ ਜਿਨ੍ਹਾਂ ਵਿੱਚ ਥੋੜ੍ਹੀ ਜੇਹੀ guidance ਤੇ ਮਗਰੋਂ ਨਿਰੰਤਰ ਅਭਿਆਸ ਦੀ ਜ਼ਰੂਰਤ ਹੁੰਦੀ ਹੈ। ਆਤਮਕ ਪਾਂਧੀ ਲਈ ਆਤਮਕ ਮਾਰਗ ਤੇ ਚਲਨ ਤੋਂ ਪਹਿਲੋਂ ਉਤੇ ਦੱਸੀਆਂ ਹੋਈਆਂ ਗੱਲਾਂ ਤੋਂ ਇਲਾਵਾ ਬੜੇ ਕੜੇ ਅਭਿਆਸ ਦੀ ਜ਼ਰੂਰਤ ਹੈ ਤੇ ਨਾਲ ਨਾਲ ਦੀ ਉਸਦੇ ਮਨ ਵਿਚ ਨਿਰਮਾਨਤਾ ਨਾਲ ਆਪਣੇ ਗੁਰੂ ਦੀ ਹਾਜ਼ਰੀ ਭਰਦਿਆਂ ਹੋਇਆਂ ਅਰਦਾਸਾਂ ਕਰੇਨ ਦੀ ਜ਼ਰੂਰਤ ਹੈ। ਗੁਰੂ ਦੀਖਿਆ ਲੈਣ ਤੋਂ ਮਗਰੋਂ ਘਾਲਨਾ ਦੀ ਲੋੜ ਹੈ। ਇਹ ਮਨੁਖ ਘਾਲਨਾ ਤੀ ਭੱਠੀ ਵਿਚ ਪੈਕੇ ਹੀ ਪਾਰਸ ਬਣ ਸਕਦਾ ਹੈ। ਬਗੈਰ ਘਾਲਨਾ ਤੋਂ ਆਤਮਕ ਮਾਰਗ ਤੇ ਚਲਣ ਵਾਲਾ ਮਨ ਪਕਾ ਨਿਸਚਾ ਨਹੀਂ ਪ੍ਰਾਪਤ ਕਰ ਸਕਦਾ ਕਿਉਂ ਜੋ ਘਾਲਨਾ ਨਾਲ ਹੀ ਉਹ ਰਸਤੇ ਦੇ ਉਚੇ ਨੀਵੇਂ ਥਾਵਾਂ ਤੋਂ ਪਾਰ ਹੋਵੇਗਾ। ਜਿਸ ਹਦ ਤਕ ਘਾਲਨਾ ਦਾ ਆਸਰਾ ਲੈ ਕੇ ਆਤਮਕ ਪਾਂਧੀ ਚਲੇਗਾ ਉਸ ਦਾ ਅਨੁਭਵ ਦੇਰ ਰਹਿਣ ਵਾਲਾ, ਪੁਰ ਅਸਰ ਤੇ ਦੂਰ ਪਹੁੰਚਣ ਵਾਲਾ ਹੋਵੇਗਾ। ਘਾਲਨਾ ਨਾਲ ਉਹ ਇਹ ਵੀ ਖਿਆਲ ਰਖੇ ਕਿ ਆਪਣੇ ਧੁਰੇ ਤੋਂ ਨਾ ਉਖੜੇ। ਜੇ ਧੁਰੇ ਤੋਂ ਉਖੜ ਗਿਆ ਤਾਂ ਔਝੜ



www.AKJ.Org

ਪੈ ਜਾਵੇਗਾ। ਇਹ ਹੀ ਕਾਰਨ ਹੈ ਕਿ ਅਜ ਕਲ ਦੇ ਕਈ ਮਤ ਜੇਹੜੇ ਕਿ Commercial basis ਤੇ ਚਲ ਪਏ ਹੁੰਦੇ ਹਨ ਅਤੇ ਜੇਹੜੇ ਕਿ 'ਛੂ ਮੰਤ੍ਰ' ਨਾਲ momentary ਤੌਰ ਤੇ ਆਲੇ ਭੋਲੇ ਤੇ ਧੁਰੇ ਤੋਂ ਉਖੜੇ ਹੋਏ ਮਨੁੱਖਾਂ ਨੂੰ ਫਸਾ ਲੈਂਦੇ ਹਨ ਤੇ effect ਪਾ ਕੇ ਉਹਨਾਂ ਨੂੰ quick result ਦਿਖਾਉਣ ਦਾ ਝੂਠਾ ਭਰੋਸਾ ਦਿਲਾਉਂਦੇ ਹਨ, ਕਾਮਯਾਬ ਹੋ ਰਹੇ ਨਜ਼ਰ ਆਉਂਦੇ ਹਨ ਜਿਹੜੇ ਕਿ ਅਸਲ ਵਿਚ ਕਾਮਯਾਬ ਨਹੀਂ ਹਨ। ਕੇਵਲ ਦੁਨੀਆਂ ਨੂੰ ਆਪਣੀ ਚਤਰਾਈ ਦੇ ਜਾਲ ਵਿਚ ਫਸਾ, ਆਪਨਾ ਉਲੂ ਸਿੱਧਾ ਕਰ ਰਹੇ ਹਨ। ਐਸੇ ਮਨੁਖ ਦਾ ਇਹ ਹਾਲ ਹੁੰਦਾ ਹੈ ਕਿ-

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ।**

(ਆਸਾ ਕੀ ਵਾਰ)

ਉਹਨਾਂ ਨੂੰ ਆਪਣੇ ਦਾਇਰੇ ਵਿਚ ਲਿਆਉਣ ਵਾਲੇ ਜੋ ਇਹ ਸਮਝਨ ਕਿ ਜੋ ਆਪਣੇ ਗੁਰੂ ਦਾ ਸਕਾ ਨਹੀਂ ਹੋਇਆ ਤੇ ਉਸ ਤੋਂ ਮੂੰਹ ਮੋੜ ਬੈਠਾ ਹੈ, ਉਹ ਸਾਡਾ ਸਕਾ (sincere) ਕਿਵੇਂ ਹੋ ਸਕਦਾ ਹੈ। ਪਰ ਉਹਨਾਂ ਨੂੰ ਐਸਾ ਸੋਚਨ ਦੀ ਲੋੜ ਹੀ ਨਹੀਂ ਪੈਂਦੀ। ਉਹਨਾਂ ਨੇ ਅਪਨਾ ਮਤਲਬ ਪੂਰਾ ਕਰਨਾ ਹੈ। ਇਹੀ ਗਲ ਹੈ ਕਿ ਅਜ ਕਲ ਲੋਕ ਨਾਸਤਕ ਬਣ ਜਾਂਦੇ ਹਨ।

ਆਤਮਕ ਪਾਂਧੀ ਨੂੰ ਇਥੇ ਬਹੁਤ ਜ਼ਰੂਰੀ ਹੈ ਕਿ ਉਹ ਹੁਸ਼ਿਆਰ ਰਵ੍ਹੇ ਤਾਂ ਆਪਣੇ ਖਸਮ ਦਾ ਹੀ ਬਨੇ। ਕਈ ਕਹਿੰਦੇ ਹਨ ਕਿ ਅੰਧ ਵਿਸ਼ਵਾਸ਼ ਠੀਕ ਨਹੀਂ ਹੁੰਦਾ। ਅਨੁਭਵ ਨੇ ਦਸਿਆ ਹੈ ਕਿ ਇਹ ਅੰਧ ਵਿਸ਼ਵਾਸ਼ ਹੀ ਬਹੁਤ ਸਾਰੇ ਮਨੁਖਾਂ ਦੇ ਉਧਾਰ ਦਾ ਕਾਰਨ ਬਨਿਆ, ਬਨਦਾ ਹੈ ਤੇ ਬਨੇਗਾ ਤੇ ਬਨਦਾ ਰਵ੍ਹੇਗਾ। ਕਿਸੇ ਚੀਜ਼ ਨੂੰ ਗ੍ਰਹਿਨ ਕਰਨ ਲਈ ਅੰਧ ਵਿਸ਼ਵਾਸ਼ ਦਾ ਹੋਣਾ ਜ਼ਰੂਰੀ ਹੈ। ਅੰਧ ਵਿਸ਼ਵਾਸ਼ ਤੋਂ ਮਤਲਬ ਇਹ ਹੈ ਕਿ "ਪਕਾ ਵਿਸ਼ਵਾਸ਼" ਜਿਵੇਂ ਅੰਨ੍ਹਾਂ ਆਦਮੀ ਵਿਸ਼ਵਾਸ਼ ਕਰ ਲੈਂਦਾ ਹੈ ਕਿ ਅਮੁਕ ਚੀਜ਼ ਦਾ ਆਕਾਰ ਅਮੁਕ ਹੈ ਤੇ ਅਮੁਕ ਚੀਜ਼ ਦਾ ਲਾਭ ਐਸਾ ਐਸਾ ਹੈ। ਇਸੇ ਪ੍ਰਕਾਰ ਹੀ ਆਤਮਕ ਪਾਂਧੀ ਨੂੰ ਸਾਵਧਾਨ ਹੋਣ ਤੋਂ ਉਪਰੰਤ ਆਪਣੇ ਵਿਸ਼ਵਾਸ਼ ਨੂੰ ਪੱਕਾ ਰਖਕੇ ਚੱਲਣਾ ਪਵੇਗਾ। ਅਹੰਕਾਰ ਇਕ ਐਸੀ ਨਾਮੁਰਾਦ ਚੀਜ਼ ਹੈ ਕਿ ਇਹ ਇਕ ਬਿਨ ਬੁਲਾਏ ਮੇਹਮਾਨ ਦੀ ਤਰ੍ਹਾਂ ਆਪਨੇ ਆਪ ਹੀ ਚੱਕਰ ਲਾਉਂਦਾ ਫਿਰਦਾ ਹੈ ਅਤੇ ਇਸ ਦਾ ਫੇਰਾ ਖਾਸ ਕਰਕੇ ਆਤਮਕ ਪਾਂਧੀਆਂ ਵਲ ਬਹੁਤ ਹੁੰਦਾ ਹੈ। ਇਹ ਕਿਉਂ ? ਇਹ ਇਸ ਵਾਸਤੇ ਕਿ ਮਨੁਖ ਦਾ ਕੁਦਰਤੀ ਸੁਭਾਵ ਹੈ ਕਿ ਜਦੋਂ ਉਹ ਕੋਈ ਚੀਜ਼ ਪ੍ਰਾਪਤ ਕਰਦਾ ਹੈ, ਉਹ ਬਹੁਤ ਖੁਸ਼ ਹੁੰਦਾ ਹੈ। ਖੁਸ਼ੀ ਵਿਚ ਉਸਦੇ ਆਪਣੇ expression ਦਾ flow (ਵੇਗ) ਉਸਦੇ ਕਾਬੂ ਵਿਚ ਨਹੀਂ ਰਹਿ ਸਕਦਾ। ਇਸ ਲਈ ਮਨੁਖ ਅਹੰਕਾਰ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਜਿੱਥੇ ਉਹ ਅਹੰਕਾਰ ਦਾ ਸ਼ਿਕਾਰ ਬਣਿਆ ਉੱਥੇ ਹੀ ਮੂੰਹਦੇ ਮੂੰਹ ਗਿਰਿਆ। ਇਹ ਕਲਯੁਗ ਦੇ ਲਸ਼ਕਰ ਦਾ ਪਹਿਲਾਂ ਸਿਪਾਹੀ (ਅਹੰਕਾਰ) ਕਾਮਯਾਬ ਹੋ ਕੇ ਆਤਮਕ ਪਾਂਧੀ ਨੂੰ ਉੱਠਣ ਨਹੀਂ ਦੇਂਦਾ। ਜੇ ਉਹ ਪਾਂਧੀ ਬਚ ਬਚਾਕੇ, ਕੁਝਕੁ ਹਿੰਮਤ ਕਰਕੇ ਅੱਗੇ ਵਧੇ ਤੇ ਫੇਰ ਲਸ਼ਕਰ ਦੇ ਬਾਕੀ ਸਿਪਾਹੀ, ਕਾਮ, ਕ੍ਰੋਧ, ਲੋਭ, ਮੋਹ, ਦਿਖਾਵਾ, ਈਰਖਾ ਇਤ ਆਦਿ ਆਪਣੇ ਲੰਗਰ ਲੰਗੋਟੇ ਕਸਕੇ ਵਾਰੋ ਵਾਰੀ ਆ ਹਮਲਾ ਕਰਦੇ ਹਨ। ਮਨੁੱਖ ਕੀ ਕਰੇ ਇਸੇ ਪਥਰਾਏ ਤਾਂ ਗੁਰਬਾਣੀ ਵਿੱਚ ਵੀ ਲਿਖਿਆ ਹੈ-

**ਅਵਰਿ ਪੰਚ ਹਮ ਏਕ ਜਨਾ,**
**ਕਿਉ ਰਾਖਉ ਘਰ ਬਾਰੁ ਮਨਾ।।**
**ਮਾਰਹਿ ਲੂਟਹਿ ਨੀਤ ਨੀਤ,**
**ਕਿਸੁ ਆਗੈ ਕਰੀ ਪੁਕਾਰ ਜਨਾ।।** (ਪੰਨਾ ੧੫੫)

ਪੰਚਮ ਪਾਤਸ਼ਾਹ ਨੇ ਸਹਸਕ੍ਰਿਤੀ ਸਲੋਕਾਂ ਵਿੱਚ ਕਲਜੁਗ ਦੇ ਇਨ੍ਹਾਂ ਪੰਜਾਂ ਰੁਕਨਾਂ ਦਾ ਨਕਸ਼ਾ ਖਿੱਚ ਕੇ ਮਨੁੱਖ ਨੂੰ ਇਹਨਾਂ ਤੋਂ ਬਚਣ ਦਾ ਉਦੇਸ਼ ਦਿੱਤਾ ਹੈ।

ਆਤਮਕ ਰਾਹ ਦੇ ਪਾਂਧੀ ਨੂੰ ਔਕੜਾਂ ਬਹੁਤ ਆਉਂਦੀਆਂ ਹਨ ਪਰ ਸੋਨੇ ਦੇ ਤਪਨ ਵਾਂਙੂ ਜਿਨ੍ਹਾਂ ਔਕੜਾਂ ਨੂੰ ਉਹ ਸਾਬਤ-ਕਦਮੀ ਨਾਲ ਸਾਹਮਣਾ ਕਰਕੇ ਪਾਰ ਕਰੇਗਾ, ਉਤਨਾ ਹੀ ਉਹ ਪੱਕਾ ਹੁੰਦਾ ਜਾਏਗਾ। ਆਤਮਕ ਮਾਰਗ ਤੇ ਚਲਣ ਦੇ ਚਾਹਵਾਨ ਨੂੰ ਆਪਣਾ ਲਖਸ਼ ਨਹੀਂ ਭੁੱਲਣਾ ਚਾਹੀਦਾ।

ਐਸਾ ਵੀ ਕਈ ਵਾਰ ਹੁੰਦਾ ਹੈ ਕਿ ਕੁੱਝ ਅਗੇ ਵੱਧ ਜਾਣ ਤੋਂ ਮਗਰੋਂ ਉਸ ਨੂੰ ਜੋ ਕੁੱਝ ਝਲਕਾਰੇ ਆਉਂਦੇ ਹਨ ਉਹ ਉਹਨਾਂ ਵਿਚ ਮਗਨ ਹੋ ਜਾਣ ਵਲ ਆਪਣਾ ਝੁਕਾਉ ਦੱਸਣ ਲੱਗਦਾ ਹੈ। ਇਸ ਸਮੇਂ ਉਸਨੂੰ ਥੋੜ-ਦਿਲੇ ਬਾਲਕ ਵਾਂਙੂ ਛੋਟੀ ਜਿਹੀ ਚੀਜ਼ ਤੇ ਪ੍ਰਸੰਨ ਹੋ ਕੇ ਹੀ ਚੁੱਪ ਕਰ ਜਾਣਾ ਤੇ ਆਪਣਾ ਕੰਮ (Aim) ਛਡ ਨਹੀਂ ਦੇਣਾ ਚਾਹੀਦਾ, ਤੇ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਆਪਣੇ (Aim) ਤੇ ਪਹੁੰਚ ਗਿਆ ਹੈ। ਅੱਗੇ ਅੱਗੇ ਚੱਲ ਕੇ ਜ਼ਬਾਨ ਦੀ ਸ਼ਕਤੀ ਵੀ ਮਿਲ ਜਾਂਦੀ ਹੈ, ਜੋ ਅਨਭੋਲ ਕਹੇ ਉਹ ਸੱਚ ਹੋ ਜਾਂਦਾ ਹੈ ਤੇ ਆਮ ਦੁਨੀਆਂਦਾਰਾਂ ਦੀ ਵਾਹ ਵਾਹ ਦਾ ਕਾਰਨ ਹੋ ਜਾਂਦਾ ਹੈ। ਇਹ ਵੀ ਥਾਂ ਤੇ ਮੌਕਾ ਉਸਦੇ ਤਿਲਕਣ ਵਾਲਾ ਹੈ ਇਥੇ ਵੀ ਉਸਨੂੰ ਸਾਵਧਾਨ ਹੋਣਾ ਪਵੇਗਾ। ਹਰ ਵੇਲੇ


www.AKJ.Org

ਪਾਂਧੀ ਨੂੰ ਨਜ਼ਾਰੇ ਜਰਨ ਦੀ ਆਦਤ ਪਾਉਣ ਦਾ ਖਿਆਲ ਰੱਖਣਾ ਚਾਹੀਦਾ ਹੈ, ਨਹੀਂ ਤੇ ਆਤਮਕ ਤਰੱਕੀ ਰੁੱਕ ਜਾਵੇ ਗੀ ਕਿਉਂਕਿ ਇਹ ਦੱਸਣਾ ਹੀ ਅਹੰਕਾਰ ਨੂੰ ਸੱਦਾ ਦੇਣਾ ਹੈ। ਹਾਂ ਜੇ ਤੁਸਾਂ ਇਹਨਾਂ ਨਜ਼ਾਰਿਆਂ, ਚਮਤਕਾਰਾਂ ਤੇ ਸ਼ਕਤੀਆਂ ਇਤ ਆਦਿ ਦਾ ਜ਼ਿਕਰ ਕਿਸੇ ਆਤਮਕ ਦ੍ਰਿਸ਼ਟੀ ਵਾਲੇ ਪ੍ਰੇਮੀ ਅਗੇ ਕਰਕੇ ਇਸਦਾ ਇਲਾਜ ਪੁਛਣਾ ਹੋਵੇ ਤਾਂ ਬੜੀ ਨਿਮਰਤਾ ਨਾਲ ਕਾਰਨ ਤੇ ਹੱਲ ਪੁਛ ਕੇ ਇਨ੍ਹਾਂ ਤੋਂ ਸਾਵਧਾਨ ਰਹਿਣ ਲਈ ਉਸ ਪ੍ਰੇਮੀ ਦੀ ਦਸੀ ਹੋਈ ਤਜਵੀਜ਼ ਤੇ ਅਮਲ ਕਰ ਸਕਦੇ ਹੋ।

ਆਤਮਕ ਪਾਂਧੀ 90ਫ਼ੀ ਸਦੀ ਇਕ ਭੁਲੇਖੇ ਵਿਚ ਪੈ ਜਾਂਦੇ ਹਨ। ਉਹ ਇਹ ਹੈ ਕਿ ਜਦੋਂ ਪਹਿਲੇ ਪਹਿਲ ਉਹ ਚੱਲਣਾ ਸ਼ੁਰੂ ਕਰਦੇ ਹਨ, ਉਹਨਾਂ ਨੂੰ ਖ਼ੂਬ ਆਨੰਦ ਆਉਂਦਾ ਹੈ ਕਿਉਂ ਜੋ ਅੰਦਰਲਾ ਚਾਅ ਤੇ ਜੋਸ਼ ਉਹਨਾਂ ਦੇ ਸ਼ਾਮਲੇ-ਹਾਲ ਹੁੰਦਾ ਹੈ। ਉਹ ਦਿਲੋਂ ਖਾਹਸ਼ ਕਰਦੇ ਹਨ ਕਿ ਉਹ ਆਤਮਕ ਮਾਰਗ ਤੇ ਚੱਲਣ ਤੇ ਆਪਣਾ ਅਗਲਾ ਜਨਮ ਸੰਵਾਰਨ। ਠੀਕ ਹੈ ਜੋ ਆਪਣੇ ਅਸਲੇ ਭੁਲਣਾ ਪਸੰਦ ਕਰਦਾ ਹੈ। ਉਹ ਫਿਰ ਕੁਝ ਚਿਰ ਮਗਰੋਂ ਪਹਿਲੇ ਵਰਗਾ ਸਵਾਦ ਤੇ ਰਸ ਮਹਿਸੂਸ ਨਹੀਂ ਕਰਦੇ ਤੇ ਇਹ ਸੋਚਦੇ ਹਨ ਕਿ ਉਹਨਾਂ ਦੇ ਭੈੜੇ ਕਰਮਾਂ ਕਰਕੇ ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਹੋ ਰਿਹਾ। ਉਹ ਨਿਰਾਸ ਹੋ ਜਾਂਦੇ ਹਨ, ਉਹ ਢੇਰੀ ਢਾਹ ਕੇ ਬੈਠ ਜਾਂਦੇ ਹਨ ਤੇ ਕਹਿਨ ਲੱਗ ਪੈਂਦੇ ਹਨ 'ਕੀ ਪਿਆ ਹੋਇਆ ਹੈ ਇਸ ਸਾਰੇ ਕਰਮ ਕਾਂਡ ਵਿਚ ? ਇਹ ਸਭ ਬੇਕਾਰ ਹਨ, ਕੁਝ ਪ੍ਰਾਪਤ ਨਹੀਂ ਹੋਇਆ।' ਐਸੇ ਮਨੁੱਖ ਆਪਣੀ ਕਾਹਲ ਨਾਲ ਆਪ ਹੀ ਗੁਮਰਾਹ ਹੋ ਜਾਂਦੇ ਹਨ। ਐਸੇ ਮਨੁੱਖਾਂ ਵਿਚੋਂ ਕਈ ਤਾਂ ਛੇਤੀ ਪਾ ਲੈਣ ਦੀ ਖਾਹਸ਼ ਰੱਖਣ ਵਾਲੇ ਹੁੰਦੇ ਹਨ ਤੇ ਕਈ ਜੇਹੜੇ ਕਿ ਸਚੇ ਤੇ ਸੁਚੇ ਦਿਲ ਵਾਲੇ ਹੋਣ ਕਰਕੇ ਵੀ ਬੇ ਹੌਂਸਲਾ ਹੋ ਕੇ ਸਭ ਕੁਝ ਛੱਡ ਦੇਂਦੇ ਹਨ। ਉਹ ਭੋਲੇ ਇਹ ਨਹੀਂ ਸਮਝਦੇ ਕਿ ਇਹ ਭੁਲੇਖਾ ਜਾਂ ਤੋਟ ਉਹਨਾਂ ਦੀ ਇੱਕ ਹਾਲਤ ਤੋਂ ਦੂਜੀ ਹਾਲਤ ਅਰਥਾਤ ਉਹਨਾਂ ਦੀ ਸੁਰਤ ਦਾ ਇੱਕ ਚੱਕਰ ਤੋਂ ਦੂਜੇ ਚੱਕਰ ਵਿੱਚ ਪਹੁੰਚਨ ਕਰਕੇ ਹੈ। ਅਸਲ ਵਿੱਚ ਉਹ ਠੀਕ ਚਲਦੇ ਪਏ ਹੁੰਦੇ ਹਨ ਤੇ Proper guidence ਠੀਕ ਰਾਹ ਨੁਮਾਈ ਦੇ ਨਾ ਹੋਣ ਕਰਕੇ *'ਜੰਗਲ ਮੇਂ ਮੋਰ ਨਾਚਾ ਕਿਸ ਨੇ ਦੇਖਾ'* ਦੇ ਭਾਵ ਮੁਤਾਬਕ ਆਪਣੇ ਦਿਲ ਦੀ ਕਲੀ ਨੂੰ ਆਪ ਹੀ ਖਿੜਾ ਕੇ ਤੇ ਅਪਨੇ ਆਪ ਹੀ ਬੰਦ ਕਰ ਲੈਂਦੇ ਹਨ। ਇਸ ਪ੍ਰਕਾਰ ਦੇ ਮਨੁੱਖ ਕੁਝ ਸਮੇਂ ਲਈ ਭੁਲੇਖੇ ਵਿੱਚ ਰਹਿ ਕੇ ਫੇਰ ਕਿਸੇ ਸਮੇਂ ਗੁਰੂ ਕ੍ਰਿਪਾ ਦਵਾਰਾ ਉਸੇ ਠੀਕ ਮਾਰਗ ਤੇ ਚਲ ਪੈਂਦੇ ਹਨ। ਕੇਵਲ ਇਸ ਸਮੇਂ ਉਹਨਾਂ ਦੇ ਕਰਮ ਪੂਰੇ ਖੁੱਲ੍ਹੇ ਨਹੀਂ ਹੁੰਦੇ। ਸੋ ਇਸ ਤੋਂ ਇਹ ਸਿੱਧ ਹੋਇਆ ਕਿ ਜੇ ਆਤਮਕ ਪਾਂਧੀ ਨੂੰ ਮਾਰਗ ਤੇ ਚਲਦਿਆਂ ਕਿਸੇ ਸਮੇਂ ਬੇਰਸੀ ਜੇਹੀ ਮਹਿਸੂਸ ਹੋਵੇ ਤਾਂ ਉਹ ਘਬਰਾਏ ਨਹੀਂ। ਉਹ ਇਹ ਸਮਝੇ ਕਿ ਜੋ ਉਹ ਵਾਹਿਗੁਰੂ ਰਸ ਦਾ ਦਾਤਾ ਹੈ ਤੇ ਇਹ ਬੇਰਸੀ ਤੇ ਮਾਯੂਸੀ (ਜੋ ਆਰਜ਼ੀ ਹੁੰਦੀ ਹੈ) ਵੀ ਉਹ ਹੀ ਦੇਣ ਵਾਲਾ ਹੈ। ਜੇ ਰਸ ਦੇ ਦਿਨ ਨਹੀਂ ਰਹੇ ਤਾਂ ਇਹ ਬੇਰਸੀ ਦੇ ਦਿਨ ਵੀ ਨਹੀਂ ਰਹਿਣਗੇ। ਇਸ ਲਈ ਉਸ ਨੂੰ ਸਾਬਤ ਕਦਮੀ ਨਾਲ ਆਪਣਾ ਅਭਿਆਸ ਨਹੀਂ ਛੱਡਣਾ ਚਾਹੀਦਾ ਸਗੋਂ ਅਜੇਹੇ ਸਮੇਂ ਤੇ ਅਰਦਾਸ ਕਰਨੀ ਬਹੁਤ ਜ਼ਰੂਰੀ ਹੈ ਤੇ ਲਾਭਦਾਇਕ ਵੀ ਹੈ। ਪਤੰਗਾ ਕੀ ਤੇ ਦੀਵੇ ਦੀ ਲਾਟ ਤੋਂ ਪਿਛਾਂ ਹਟਣਾ ਕੀ ?

ਇਸੇ ਵਾਸਤੇ ਤਾਂ ਆਤਮਕ ਪਾਂਧੀਆਂ ਲਈ ਸੰਗਤ ਬਹੁਤ ਲਾਜ਼ਮੀ ਹੈ ਜਿਸ ਤੋਂ ਸੁਚੱਜਾ ਗਿਆਨ ਪ੍ਰਾਪਤ ਹੋਣ ਮਗਰੋਂ ਪਾਂਧੀ ਨੂੰ ਆਪਣੇ ਰਸਤੇ ਤੋਂ ਖੁੰਝਣ ਦਾ ਭੈਅ ਨਹੀਂ ਰਹਿੰਦਾ। ਬੇਸ਼ਕ ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ **'ਕੋ ਵਿਰਲਾ ਗੁਰਮਤਿ ਚਲੈ ਜੀਉ'** ਗੁਰਮਤਿ ਤੇ ਚਲਣਾ ਬੜਾ ਕਠਿਨ ਹੈ ਪਰ ਗੁਰੂ ਕ੍ਰਿਪਾ ਨਾਲ ਸਿੱਖ ਛਾਲਾਂ ਮਾਰਦਾ ਗੁਰਮਤਿ ਪੈਂਡਾ ਤੈਅ ਕਰਦਾ ਹੈ ਤੇ ਮਹਾਂਵਾਕਾਨੁਸਾਰ **'ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।'** (ਪੰਨਾ ੭੩੦) ਉਹ ਆਤਮਕ ਪਾਂਧੀ ਦਾਤੇ ਦੀ ਦਰਗਾਹ ਵਿੱਚ ਸ਼ਰਫ਼ੇ ਕਬੂਲੀਅਤ ਹਾਸਲ ਕਰਦਾ ਹੈ।

*****

## ਸ਼ਸਤਰ ਗਰੀਬ ਦੀ ਰੱਖਿਆ, ਜਰਵਾਣੇ ਕੀ ਭਖਿਆ

ਮਰਹੌਟਿਆਂ ਦਾ ਗੁਰੂ ਰਾਮ ਦਾਸ ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ਾਹੀ ਜਲਾਲ ਦੇਖ ਕੇ ਕਹਿਣ ਲੱਗਾ, "ਮੈਂ ਨੇ ਤੋ ਸੁਨਾ ਥਾ ਗੁਰੂ ਨਾਨਕ ਏਕ ਤਿਆਗੀ ਸਾਧੂ ਥੇ, ਆਪ ਗ੍ਰਹਸਥੀ ਹੈਂ। ਆਪ ਸ਼ਸਤਰ-ਧਾਰੀ ਭੀ ਹੈ। ਆਪ ਕੈਸੇ ਫਕੀਰ ਹੈਂ?" ਗੁਰੂ ਸਾਹਿਬ ਨੇ ਉੱਤਰ ਦਿੱਤਾ, "ਗੁਰੂ ਨਾਨਕ ਨੇ ਮਾਇਆ ਤਿਆਗੀ ਥੀ, ਦੁਨੀਆਂ ਨਹੀਂ ਤਿਆਗੀ, ਜ਼ਾਹਰ ਅਮੀਰੀ, ਬਾਤਨ ਫਕੀਰੀ। ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ।"

ਇਹ ਸੁਣ ਕੇ ਮਰਹੌਟਿਆਂ ਦੇ ਗੁਰੂ ਨੇ ਕਿਹਾ, "ਯਿਹ ਬਾਤ ਹਮਾਰੇ ਮਨ ਭਾਵਤੀ ਹੈ।"



www.AKJ.Org

# AMBROSIAL HOURS (2)
## (ਅੰਮ੍ਰਿਤ ਵੇਲਾ)

(Jaspinder Singh, Canada)
(Part I published in Aug., 95)

**Human Life:**

Just like ambrosial hours are considered auspicious for meditation, <u>human life itself is the only opportunity to realize God. No other form of life, not even the angles, can attain this highest of objectives.</u>

The physical and mental capabilities are immense with only Sky as the limit. What is required is dedication and sincerity of purpose. One has to actually perform and reach. Mere wishful thinking is of no avail, nor is such a possession as godliness transferable as a merit one to the other. Someone engaged for a fee to perform acts of piety without one's own participation is of no avail except as fuel for the ego.

Thus the teaching of the Gurbani lays stress on imbibing its lessons, so as to affect the living. A medicine will act only when taken in with all medical instructions strictly obeyed. In most of the cases the spirit always agrees, but the flesh does not ! That is where the streangth of resolution and dedication to a worthwhile objective comes in.

One can never do better that Gurbani quotations. However one can never quote enough and all Gurbani is like limitless precious jewels. This is only sampling and invitation to independent research and study.

ਮਲਾਰ ਮ: ੩।।ਇਹ ਵੇਲਾ ਫਿਰਿ ਹਥਿ ਨ ਆਵੈ,
ਅਨ ਦਿਨੁ ਸਦਾ ਪਛੁਤਾਏ।।
ਮਰਿ ਮਰਿ ਜਨਮੈ ਕਦੇ ਨ ਬੂਝੈ,
ਵਿਸਟਾ ਮਾਹਿ ਸਮਾਏ।।੨।।੫।।(੧੨੫੯)

<u>If this opportunity of God realization</u> is not availed, it is lost for long long time to come and there will be only a feeling of remorse. Subsequent cycles of birth and death (as lower form of life) will not bring any divine awareness. It will be only indulgence in filth and lowliness.

ਬਿਲਾਵਲ ਮ: ੫।।ਫਿਰਤ ਫਿਰਤ ਮਾਨੁਖੁ ਭਇਆ,
ਖਿਨ ਭੰਗਨ ਦੇਹਾਦਿ।।
ਇਹ ਅਉਸਰ ਤੇ ਚੂਕਿਆ,
ਬਹੁ ਜੋਨਿ ਭ੍ਰਮਾਦਿ।।੩।।(੮੧੦)

After many cycles of transmigration of soul, one attains human life, which is short and transitory. Once this chance missed, then again there will be series of life in lower forms.

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ।।
ਪੂਰੈ ਭਾਗਿ ਸਤਿਗੁਰੁ ਮਿਲੈ ਹਰਿਨਾਮੁ ਧਿਆਇ।।੬।।
(ਵਡਹੰਸ ਮ: ੩) (੫੬੫)

One attains rare gift of human life in this World. Through perfect density one finds the True Enlightner, so one should dedicate to Naam as one's Sole objective.

ਸੂਹੀ ਮ: ੧।। ਮਾਣੁਸ ਦੁਲੰਭੁ ਗੁਰਮੁਖਿ ਪਾਇਆ।।
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ।।੨।।
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ।।
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ।।੨।।ਰਹਾਉ।
(ਪੰਨਾ ੭੫੨)

A Gursikh values the precious gift of human life. Through love for Sat Guru, his whole being becomes radient. Living a righteous life in the light of Guru's Wisdom, he departs with honour. His respectful fear and abiding by the Sat Guru's Word wins him honour in the Divine Court.

ਵਡਹੰਸ ਮ:੧।।ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ।
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ।।
ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤ ਪਾਇਆ।।
ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ।।
ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ
ਏਕੁ ਪਛਾਣੀ।।
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ।।੩।।
(ਪੰਨਾ ੫੬੬)



www.AKJ.Org

O,Lord! Beautiful in the time, when I remember Thee for Thy Word is Ambrosia. Devotes serve Thee with love, because they have tasted Nam. Only those enjoy the taste, who receive the Nam-Nector. Imbued in Nam, the devotees are always in high spirits. No ritual is of any avail without devotion of Thee. The time I remember Thou is always enchanting and Thy Word is Ambrosia.

ਤਿਲੰਗ ਮਹਲਾ ੯।। ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।।
ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੈ ਘਟ ਜਿਉ ਪਾਨੀ।।੧।।ਰਹਾਉ।। (੭੨੬)

O,Man! Meditate on Lord day and night. Thy life is ticking away every second, as the water goes out a leaking pot.

This labour of love shall be amply awarded, if some of the readers can sit up to take note of His blessings : First One, a human life and then birth in a Sikh family, with the richest heritage. It is now upto the individual to make the best of resources thus available for a worth-while living.

To conclude, let us consider yet another Shabd :

ਸੂਹੀ ਮ:੪।।ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ।।
ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ।।੧।।
ਹਰਿ ਧਨੁ ਸੰਚੀਐ ਭਾਈ।। ਜਿ ਹਲਤਿ ਪਲਤਿ ਹਰਿ ਹੋਇ ਸਖਾਈ।।੧।।ਰਹਾਉ।।
ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।।
ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ।।੨।।

O,Brother! Gather thou the Wealth of Nam. This will stand you in good stead here and hereafter. Pause(Central idea). Whereever God's Nam is meditated upon, there is always God's protection. However the only way to keep Nam in one's heart is through the benediction of the Guru and there is no alternative. (One must accept Guru and his teachings to win the favour of Nam as a Gursikh.) The Wealth of Nam is eamed by going to the holy congregations, because that is the only work place for such venture. Only the merchants of Nam deal (or engage) in Nam meditation. The Worldly people are host to dealing in Worldly pursuits and Nam meditation does not interest them.

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।।
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।।
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ।।੩।।
ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ।। ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ।।੪।। (੭੩੩-੩੪)

The Wealth of Nam is precious than the most precious jewels. Nam helps the devotees to get tuned with God at the opportune morning time of ambrosial hours. Thus sown Nam, at the oppotune time, brings te devotees a limitless harvest, which docs not run short while they share it and enjoy themselves. In addition, the Wealth of Nam brings bonour to the devotees here and hereafter.Unlike the Woldliness possessions, there is no fear or risk of loss of the Nam Wealth, which is permanent. Fire, theft, floods or even the angels of death cannot harm such a Wealth. No evil one can dare approach this Wealth nor is this taxable by angels of death. Can we stil ignore such a prized possession as Nam Wealth in view of its Virtues, described in the Ever True and Celestial Divine Word- Gurbani ?

If the answer is `No! we must work for it with all our zeal and during all our remaining life.'Then let us not waste time-Ambrosial hours and the human life any more.


www.AKJ.Org

# ਵਾਰ ਮਾਰੂ ਡਖਣੇ (੪)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਡਖਣੇ ਮ: ੫॥

ਕੁਰੀਏ ਕੁਰੀਏ ਵੈਦਿਆ, ਤਲਿ ਗਾੜਾ ਮਹਰੇਰੁ॥
ਵੇਖੇ ਛਿਟਿੜਿ ਥੀਵਦੋ, ਜਾਮਿ ਖਿਸੰਦੋ ਪੇਰੁ॥੧॥
ਮ:੫॥ਸਚੁ ਜਾਣੈ ਕਚੁ ਵੈਦਿਓ, ਤੂ ਆਘੂ ਆਘੇ ਸਲਵੇ॥
ਨਾਨਕ ਆਤਸੜੀ ਮੰਝਿ ਨੈਣੂ, ਬਿਆ ਢਲਿ ਪਬਣਿ ਜਿਉ ਜੁੰਮਿਓ॥੨॥
ਮ:੫॥ ਭੋਰੇ ਭੋਰੇ ਰੂਹੜੇ, ਸੇਵਦੇ ਆਲਕੁ॥
ਮੁਦਤਿ ਪਈ ਚਿਰਾਣੀਆ, ਫਿਰਿ ਕਡੂ ਆਵੈ ਰੁਤਿ॥੩॥

ਉਚਾਰਣ: ਵੈਦਿਆ, ਵੈਦਿਓ-'ਵੈ' ਉਚਾਰਣ ਨਾਸਕੀ। ਗਾੜਾ-'ੜ' ਉਚਾਰਣ ਭਾਰ ਸਹਿਤ। ਵੇਖੇ-ਉਚਾਰਣ ਨਾਸਕਤਾ ਬਿਨਾਂ (ਵੇਖੇ-ਵੇਖਿ, ਸਾਵਧਾਨ ਹੋ)। ਥੀਵਦੋ-'ਥੀਂ' ਉਚਾਰਣ ਨਾਸਕੀ। ਜਿਉ, ਕਡੂ-ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।ਸੇਵੇਦੇ-'ਵੇ' ਉਚਾਰਣ ਨਾਸਕੀ। ਚਿਰਾਣੀਆ-ਅੰਤਲਾ 'ਆ' ਉਚਾਰਣ ਨਾਸਕਤਾ ਰਹਿਤ। ਕਡੂ-'ਡੂ' ਉਚਾਰਣ ਨਾਸਕੀ।

ਪਦ ਅਰਥ : ਕੁਰੀਏ ਕੁਰੀਏ-ਡੰਡੀ ਡੰਡੀ। ਵੈਦਿਆ-ਚਲਣ ਵਾਲਿਆ। ਤਲਿ-ਹੇਠਲੇ ਪਾਸਿਓਂ। ਗਾੜਾ-ਭਾਰੀ। ਮਹਰੇਰੁ-ਢਾਹ ਦਾ ਮਲਬਾ, ਦਲਦਲ। ਵੇਖੇ-ਵੇਖਿ, ਸਾਵਧਾਨ ਹੋ, ਛਿਟਿੜਿ ਥੀਵਦੋ-ਚਿੱਕੜ ਦੀਆਂ ਛਿੱਟਾਂ ਨਾਲ ਦਾਗੀ ਹੋ ਜਾਂਦਾ ਹੈ। ਜਾਮਿ-ਜਦੋਂ। ਖਿਸੰਦੋ-ਖਿਸਕ ਜਾਂਦਾ ਹੈ। ਪੇਰੁ-ਪੈਰ।੧।

ਵੈਦਿਓ-ਚਲੇ ਜਾਣ ਵਾਲਾ, ਨਾਸ਼ਮਾਨ। ਆਘੂ ਆਘੇ-ਅਗੇ ਹੀ ਅਗੇ। ਸਲਵੇ-ਗਮਨ ਕਰਦਾ (ਜਾਂਦਾ)। ਆਤਸੜੀ-ਅਗਨੀ। ਮੰਝਿ-ਵਿਚ। ਨੈਣੂ-ਮੱਖਣ। ਬਿਆ-ਦੂਜਾ, ਹੋਰ, ਅਤੇ। ਢਲਿ-ਮੁਰਝਾਅ ਕੇ। ਪਬਣਿ-ਚੁਪੱਤੀ (ਇਕ ਬੂਟਾ)। ਜੁੰਮਿਓ-ਨਾਸ਼ ਹੋ ਜਾਂਦਾ ਹੈ।੨।

ਭੋਰੇ ਭੋਰੇ-ਭੁਲੜ ਅਤੇ ਭੋਲੇ। ਰੂਹੜੇ-ਹੇ ਜੀਉੜੇ ! ਸੇਵੇਦੇ-ਸੇਂਵਦਿਆਂ, ਸਿਮਰਦਿਆਂ। ਆਲਕੁ-ਆਲਸ। ਮੁਦਤਿ ਪਈ ਚਿਰਾਣੀਆ-ਢੇਰ ਚਿਰ (ਬਹੁਤ ਸਮਾਂ) ਹੋ ਗਿਐ। ਕਡੂ-ਕਦੋਂ ?।੩।

ਅਰਥ : (ਸਿਧਾ ਪਧਰਾ ਰਾਹ ਛੱਡ ਕੇ) ਡੰਡੀ ਡੰਡੀ ਜਾਂਦੇ (ਮੁਸਾਫ਼ਿਰ) ! ਇਸ (ਰਸਤੇਨੂੰ) ਥਲੜੇ ਪਾਸਿਓਂ ਲੱਗੀ ਢਾਹ ਦੇ ਕਾਰਨ ਗਾੜ੍ਹਾ ਚਿੱਕੜ (ਜਿਲ੍ਹਣ) ਹੋਇਆ ਪਿਆ ਹੈ। ਸਾਵਧਾਨ ਹੋ ! ਜਦੋਂ ਵੀ (ਕਿਸੇ ਦਾ) ਰਾਹ ਤੋਂ ਪੈਰ ਤਿਲ੍ਹਕ ਜਾਏ ਤਾਂਉਹ ਚਿੱਕੜ ਦੀਆਂ ਛਿੱਟਾਂ ਨਾਲ ਦਾਗੀ ਹੋ ਜਾਂਦਾ ਹੈ।੧।

(ਹੇ ਭੁੱਲੜ ਜੀਵ !) ਤੂੰ ਨਾਸ਼ਮਾਨ ਕੱਚ (ਮਾਇਕੀ ਧਨ ਪਦਾਰਥ) ਨੂੰ ਸੱਚ ਜਾਣਦਾ ਹੈ, (ਇਸ ਨੂੰ ਇਕੱਤਰ ਕਰਨ ਲਈ) ਅਗੇ ਹੀ ਅਗੇ ਵਧਦਾ ਜਾਂਦਾ ਹੈ। ਕੱਚ (ਦੀ ਪਾਇਆਂ) ਇਵੇਂ ਹੀ ਹੈ, ਜਿਵੇਂ ਅੱਗ ਵਿੱਚ (ਪਾਇਆ) ਮੱਖਣ (ਸੜ ਬਲ ਜਾਂਦਾ ਹੈ) ਅਤੇ ਜਿਵੇਂ ਚੁਪੱਤੀ ਦਾ ਬੂਟਾ ਕੁਮਲਾਅ ਕੇ ਭੁਰ ਭਰ ਜਾਂਦਾ ਹੈ।੨।

ਹੇ ਭੋਲੇ ਤੇ ਭੁਲੜ ਜੀਊੜੇ ! (ਪ੍ਰਭੂ ਪ੍ਰੀਤਮ ਨੂੰ) ਸੇਂਵਦਿਆਂ (ਸਿਮਰਦਿਆਂ) ਤੂੰ ਆਲਸ ਕਰਦਾ ਹੈਂ। ਢੇਰ ਚਿਰ (ਬਹੁਤ ਸਮਾਂ) ਹੋ ਗਿਐ (ਬਹੁਤ ਜੂਨਾਂ ਭੋਗਣ ਮਗਰੋਂ ਮਨੁੱਖਾਂ ਜਨਮ ਮਿਲਿਐ, ਜੋ ਇਹ ਸਿਮਰਨ ਵਲੋਂ ਆਲਸ ਕਰਦਿਆਂ ਅਜਾਈਂ ਹੀ ਬੀਤ ਹੋ ਗਿਆ) ਫਿਰ ਪਤਾ ਨਹੀਂ ਕਦੋਂ (ਮਨੁੱਖਾ ਜਨਮ ਦੀ ਭਲੀ) ਰੁਤ ਆਵੇ।੩।

ਪਉੜੀ

ਤੁਧੁ ਰੂਪੁ ਨ ਰੇਖਿਆ ਜਾਤਿ, ਤੂ ਵਰਨਾ ਬਾਹਰਾ॥
ਏ ਮਾਣਸ ਜਾਣਹਿ ਦੂਰਿ, ਤੂ ਵਰਤਹਿ ਜਾਹਰਾ॥
ਤੂ ਸਭਿ ਘਟ ਭੋਗਹਿ ਆਪਿ, ਤੁਧੁ ਲੇਪੁ ਨ ਲਾਹਰਾ॥
ਤੂ ਪੁਰਖੁ ਅਨੰਦੀ ਅਨੰਤ, ਸਭ ਜੋਤਿ ਸਮਾਹਰਾ॥
ਤੂ ਸਭ ਦੇਵਾ ਮਹਿ ਦੇਵ, ਬਿਧਾਤੇ ਨਰਹਰਾ॥
ਕਿਆ ਆਰਾਧੇ ਜਿਹਵਾ ਇਕ, ਤੂ ਅਬਿਨਾਸੀ ਅਪਰਪਰਾ॥
ਜਿਸੁ ਮੇਲਹਿ ਸਤਿਗੁਰੁ ਆਪਿ, ਤਿਸ ਕੇ ਸਭਿ ਕੁਲ ਤਰਾ॥
ਸੇਵਕ ਸਭਿ ਕਰਦੇ ਸੇਵ, ਦਰਿ ਨਾਨਕੁ ਜਨੁ ਤੇਰਾ॥੫॥

ਉਚਾਰਣ: ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦਾ ਅਰਥ ਨਾਲ ਦਿਤਾ ਹੋਇਆ ਹੈ) ਦੇ ਅੰਤਲੇ ਸਰ੍ਹਾਂ ਦਾ ਉਚਾਰਣ ਨਾਸਕੀ ਹੈ:

ਵਰਨਾ- ਚਹੁੰਆਂ ਆਸ਼ਰਮਾਂ। ਜਾਣਹਿ- ਜਾਣਦੇ ਹਨ। ਵਰਤਹਿ- ਤੂੰ ਵਰਤਦਾ ਹੈਂ। ਭੋਗਹਿ- ਤੂੰ ਭੋਗਦਾ ਹੈਂ। ਦੇਵਾ- ਦਵੀਤਿਆਂ। ਮਹਿ-ਵਿਚ। ਮੇਲਹਿ-ਤੂੰ ਮਲਦਾ ਹੈਂ।

ਪਦ ਅਰਥ: ਰੇਖਿਆ-ਰੇਖਾ, ਨਿਸ਼ਾਨੀ, ਚਿਹਨ ਚੱਕਰ। ਵਰਨਾ ਬਾਹਰਾ-ਚਹੁੰਆਂ ਆਸ਼ਰਮਾਂ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ) ਤੋਂ ਅਲੱਗ। ਜਾਣਹਿ- ਜਾਣਦੇ ਹਨ। ਜਾਹਰਾ-ਪਰਤੱਖ। ਭੋਗਹਿ-ਤੂੰ ਭੋਗਦਾ ਹੈਂ। ਤੁਧੁ ਲੇਪੁ ਨ ਲਾਹਰਾ-ਤੈਨੂੰ ਰਤਾ ਵੀ ਦਾਗ਼ ਨਹੀਂ ਲਗਦਾ। ਅਨੰਦੀ -ਅਨੰਦ ਸਰੂਪ। ਅਨੰਤ-ਅੰਤ ਰਹਿਤ, ਬੇਅੰਤ।ਸਮਾਹਰਾ-ਸਮਾਇਆ ਹੋਇਆ। ਬਿਧਾਤੇ ਨਰਹਰਾ-ਹੇ ਰਚਣਹਾਰ ਕਰਤਾਰ। ਅਪਰਪਰਾ-ਪਰੇ ਤੋਂ ਪਰੇ। ਦਰਿ -ਦਰ ਉਤੇ। ਜਨੁ-ਸੇਵਕ।

ਅਰਥ: (ਹੇ ਵਾਹਿਗੁਰੂ!) ਤੇਰਾ ਕੋਈ ਵਿਸ਼ੇਸ਼ ਰੂਪ ਨਹੀਂ,ਕੋਈ ਚਿਹਨ ਚੱਕਰ ਨਹੀਂ, ਕੋਈ ਵਿਸ਼ੇਸ਼ ਜਾਤੀ ਨਹੀਂ, ਤੂੰ ਵਰਨਾਂ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ ਦੀ ਵਰਣ-ਵੰਡ) ਤੋਂ ਬਾਹਰ ਹੈਂ।

ਇਹ (ਮੋਹ ਮਾਇਆ ਵਿਚ ਫਸੇ) ਤੈਨੂੰ ਦੂਰ ਜਾਣਦੇ ਹਨ, ਪਰ ਤੂੰ ਪ੍ਰਗਟ-ਪਹਾਰੇ ਵਰਤਦਾ ਹੈਂ।



www.AKJ.Org

ਤੂੰ ਆਪ ਹੀ ਸਾਰੇ ਜੀਵਾਂ ਵਿਚ ਪਰਵਿਰਤ ਹੋ ਕੇ ਰਸ ਮਾਣ ਰਿਹਾ ਹੈਂ, ਪਰ ਤੈਨੂੰ ਰਸ-ਭੋਗਾਂ ਦਾ ਕੋਈ ਲੇਪ-ਛੋਪ ਨਹੀਂ ਲਗਦਾ।

ਤੂੰ ਅਨੰਦ-ਮਈ ਅਤੇ ਹਦ-ਬੰਨੇ ਤੋਂ ਪਾਰਲਾ ਪੁਰਖ (ਪਰਮ-ਹੋਂਦ) ਹੈਂ,ਸਭਨਾਂ ਵਿਚ ਜੋਤਿ-ਸਰੂਪ ਹੋ ਕੇ ਸਮਾਇਆ ਪਿਆ ਹੈਂ।

ਹੇ ਰਚਨਹਾਰ ਕਰਤਾਰ! ਤੂੰ ਸਾਰੇ ਦੇਵਤਿਆਂ ਵਿਚੋਂ ਸਿਰਮੌਰ ਪਰਮ-ਦੇਵ (ਮਹਾਨ ਪ੍ਰਕਾਸ਼-ਸਰੂਪ ਹਸਤੀ) ਹੈਂ।

ਹੇ ਨਾਸ-ਰਹਿਤ ਅਤੇ ਪਰੇ ਤੋਂ ਪਰੇ ਗਿਆਨ ਵਾਲੇ ਵਾਹਿਗੁਰੂ! ਇਕ ਜੀਭ ਨਾਲ ਕੋਈ ਤੇਰੀ ਅਰਾਧਨਾ ਕੀ ਕਰ ਸਕਦਾ ਹੈ।

ਜਿਸ ਨੂੰ ਤੂੰ ਆਪ (ਮਿਹਰ ਕਰ ਕੇ) ਸਤਿਗੁਰੂ ਮੇਲ ਦੇਵੇਂ, ਉਸ ਦੇ ਸਾਰੇ ਕੁਲ (ਸੰਸਾਰ-ਸਾਗਰ ਤੋਂ) ਤਰ ਜਾਂਦੇ ਹਨ।

ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ। ਨਾਨਕ ਵੀ ਤੇਰਾ ਸੇਵਕ ਹੈ ਅਤੇ ਤੇਰੇ ਦਰ ਉਤੇ ਆਇਆ ਹੈ (ਸੇਵਕਾਂ ਵਿਚ ਸ਼ਾਮਲ ਕਰ ਕੇ ਸੇਵਾ ਵਿਚ ਲਾ ਲਓ ਜੀ!)।੫।

**ਡਖਣੇ ਮ: ੫।।**

**ਗਹਡੜੜਾ ਤ੍ਰਿਣਿ ਛਾਇਆ, ਗਾਫਲ ਜਲਿਓਹੁ ਭਾਹਿ।।**
**ਜਿਨਾ ਭਾਗ ਮਥਾਹੜੈ, ਤਿਨ ਉਸਤਾਦ ਪਨਾਹਿ।।੧।।**
**ਮ:੫।। ਨਾਨਕ ਪੀਠਾ ਪਕਾ ਸਾਜਿਆ, ਧਰਿਆ ਆਣਿ ਮਉਜੂਦੁ।।**
**ਬਾਝਹੁ ਸਤਿਗੁਰ ਆਪਣੇ, ਬੈਠਾ ਝਾਕੁ ਦਰੂਦ।।੨।।**
**ਮ:੫।।ਨਾਨਕ ਭੁਸਰੀਆ ਪਕਾਈਆ, ਪਾਈਆ ਥਾਲੈ ਮਾਹਿ।।**
**ਜਿਨੀ ਗੁਰੂ ਮਨਾਇਆ, ਰਜਿ ਰਜਿ ਸੇਈ ਖਾਹਿ।।੩।।**

**ਉਚਾਰਣ:**

ਹੇਠ ਲਿਖੇ ਸ਼ਬਦਾ (ਜਿੰਨਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:

ਜਲਿਓਹਿ- ਤੂੰ ਸੜ ਗਿਆ ਹੈਂ। ਜਿਨਾ-ਜਿਨ੍ਹਾਂ ਨੇ) ਬਾਝਹੁ -ਬਗ਼ੈਰ। ਭੁਸਰੀਆ-ਘਿਓ ਅਤੇ ਗੁੜ ਵਾਲੀਆਂ ਮਿੱਠੀਆਂ ਰੋਟੀਆਂ (ਮੰਨ, ਰੋਟ )। ਪਕਾਈਆ- ਅੱਗ ਨਾਲ ਪਕਾਣੀਆਂ ਕੀਤੀਆਂ। ਪਾਈਆ-ਪਰੋਸੀਆਂ! ਜਿਨਾ,ਜਿਨੀ-ਜਿਨ੍ਹਾਂ ਨੇ। ਖਾਹਿ- ਖਾਂਦੇ ਹਨ।
ਜਿਨਾ, ਜਿਨੀ-'ਨ' ਉਚਾਰਣ ਭਾਰਾ।

**ਪਦ ਅਰਥ:**

ਗਹਡੜੜਾ-ਛੱਪਰ। ਤ੍ਰਿਣਿ-ਇਕ ਇਕ ਤੀਲੇ ਨਾਲ। ਛਾਇਆ-ਬਣਿਆ ਹੋਇਆ ਹੈ। ਗਾਫਲ-ਹੇ ਗ਼ਫ਼ਲਤ (ਅਣਗਹਿਲੀ) ਵਿਚ ਗ੍ਰਸੇ!ਜਲਿਓਹਿ-ਤੂੰ ਸੜ ਗਿਆ ਹੈਂ। ਭਾਹਿ-ਅੱਗ ਵਿੱਚ। ਮਥਾਹੜੈ-ਮੱਥੇ ਉਤੇ। ਉਸਤਾਦ ਪਨਾਹਿ- ਮੁਰਸ਼ਦ (ਗੁਰੂ) ਦੀ ਸ਼ਰਨ (ਓਟ)।੧।

ਪੀਠਾ-ਪੀਸਿਆ। ਸਾਜਿਆ-ਪਰੋਸਿਆ। ਆਣਿ-ਲਿਆ ਕੇ। ਮਉਜੂਦੁ-ਸਾਹਮਣੇ। ਬੈਠਾ ਝਾਕੁ ਦਾਰੂਦ-ਰਹਿਮਤ ਦੀ ਝਾਕ (ਤਕ, ਉਡੀਕ) ਵਿਚ ਬੈਠਾ ਬਿਟ ਬਿਟ ਤਕ। ਦਾਰੂਦ-ਰੱਬੀ ਰਹਿਮਤ ਲਈ ਬੇਨਤੀ।੨।

**ਅਰਥ:**

(ਪੰਜ-ਭੂਤਕੀ ਸਰੀਰ ਮਾਨੋ) ਕੱਖਾਂ ਕਾਨਿਆਂ ਦਾ ਬਣਾਇਆ ਹੋਇਆ ਇਕ ਛੱਪਰ ਹੈ। ਹੇ ਗ਼ਾਫ਼ਲ ! ਤੂੰ (ਇਸ ਵਿਚ ਵਿਕਾਰਾਂ ਦੀ ਅੱਗ ਬਾਲ ਕੇ) ਆਪ ਹੀ ਅੱਗ ਵਿਚ ਸੜ ਮੋਇਆ ਹੈਂ। ਜਿੰਨ੍ਹਾਂ ਦੇ ਮੱਥੇ ਉਤੇ ਚੰਗੇ ਭਾਗ (ਲਿਖੇ ਹੋਏ) ਹੋਣ, ਉਨ੍ਹਾਂ ਨੂੰ ਮੁਰਸ਼ਦ (ਗੁਰੂ-ਪੀਰ) ਦੀ ਓਟ ਮਿਲ ਜਾਂਦੀ ਹੈ। (ਅਤੇ ਉਹ ਵਿਕਾਰ-ਅਗਨਿ ਵਿਚ ਸੜਦੇ ਨਹੀ)।੧।

ਨਾਨਕ !(ਅੰਨ) ਪੀਸਿਆ, ਪਕਾਇਆ,ਪਰੋਸਿਆ ਤੇ ਫਿਰ ਸਾਹਮਣੇ ਲਿਆ ਰਖਿਆ। ਪਰ ਆਪਣੇ (ਮੁਰਸ਼ਦ) ਸਤਿਗੁਰੂ (ਨੂੰ ਮਨਾਏ ) ਬਗ਼ੈਰ (ਖਾਣਾ ਨਸੀਬ ਨਹੀਂ), ਹੁਣ ਦਾਰੂਦ (ਰੱਬੀ ਰਹਿਮਤ) ਦੀ ਝਾਕ ਵਿਚ ਬੈਠਾ ਬਿਟ ਬਿਟ ਤੱਕੀ ਜਾਹ। (ਖਾਣਾ ਤਾਂ ਹੀ ਨਸੀਬ ਹੋਵੇਗਾ ਜੇ ਮੁਰਸ਼ਦ ਦੁਆਰਾ ਰੱਬੀ ਰਹਿਮਤ ਪ੍ਰਾਪਤ ਹੋਈ)।੨।

ਨਾਨਕ ! ਭੁਸਰੀਆਂ (ਘਿਉ ਤੇ ਗੁੜ ਵਾਲੀਆਂ ਮਿੱਠੀਆਂ ਰੋਟੀਆਂ) ਪਕਾਈਆਂ ਤੇ ਥਾਲ ਵਿਚ ਲਿਆ ਪਰੋਸੀਆਂ। ਜਿਨ੍ਹਾਂ (ਭਾਗਾਂ ਵਾਲਿਆਂ ਨੇ ) ਗੁਰੂ ਨੂੰ ਮਨਾ ਲਿਆ (ਪ੍ਰਸੰਨ ਕਰ ਲਿਆ) ਉਹ ਰਜ ਰਜ ਕੇ (ਇਹ ਸਵਾਦਲਾ ਭੋਜਨ) ਖਾਂਦੇ ਹਨ।੩।

**ਪਉੜੀ।।**

**ਤੁਧੁ ਜਗ ਮਹਿ ਖੇਲੁ ਰਚਾਇਆ, ਵਿਚਿ ਹਉਮੈ ਪਾਈਆ।।**
**ਏਕੁ ਮੰਦਰੁ ਪੰਚ ਚੋਰ ਹਹਿ, ਨਿਤ ਕਰਹਿ ਬੁਰਿਆਈਆ।।**
**ਦਸ ਨਾਰੀ ਇਕੁ ਪੁਰਖੁ ਕਰਿ, ਦਸੇ ਸਾਦਿ ਲੋਭਾਈਆ।।**
**ਏਨਿ ਮਾਇਆ ਮੋਹਣੀ ਮੋਹੀਆ, ਨਿਤ ਫਿਰਹਿ ਭਰਮਾਈਆ।।**
**ਹਾਠਾ ਦੋਵੈ ਕੀਤੀਓ, ਸਿਵ ਸਕਤਿ ਵਰਤਾਈਆ।।**
**ਸਿਵ, ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ।।**
**ਇਕਿ ਵਿਚਹੁ ਹੀ ਤੁਧੁ ਰਖਿਆ,ਜੋ ਸਤਸੰਗਿ ਮਿਲਾਈਆ।।**
**ਜਲ ਵਿਚਹੁ ਬਿੰਬੁ ਉਠਾਲਿਓ, ਜਲ ਮਾਹਿ ਸਮਾਈਆ।।੬।।**

**ਉਚਾਰਣ :**

ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ :

ਹਹਿ-ਹਨ। ਕਰਹਿ-ਕਰਦੇ ਹਨ। ਬੁਰਿਆਈਆ- ਭੈੜੀਆਂ ਕਰਤੂਤਾਂ। ਲੋਭਾਈਆ-ਲੁਭਾਇਮਾਨ ਹੋਈਆਂ। ਮੋਹੀਆਂ-ਮੋਹ (ਠਗ) ਲਈਆਂ। ਫਿਰਹਿ- ਫਿਰਦੀਆਂ ਹਨ। ਭਰਮਾਈਆਂ- ਭਟਕਾਈਆਂ ਹੋਈਆਂ। ਹਾਠਾ- ਤਰਫ਼ਾਂ। ਏਵੈ-ਇਸ ਤਰ੍ਹਾਂ। ਵਿਚਹੁ- ਅੰਦਰੋਂ।

ਹੇਠ ਲਿਖੇ ਸ਼ਬਦਾਂ ਦਾ ਅੰਤਲਾ ਸੁਰ ਨਾਸਕਤਾ


www.AKJ.Org

ਰਹਿਤ ਹੈ :
ਪਾਈਆ, ਵਰਤਾਈਆ, ਭਾਈਆ, ਸਮਾਈਆ, ਮਿਲਾਈਆ।
ਸਿਵ, ਸਕਤਿ-'ਸ' ਉਚਾਰਣ ਵਿਸ਼ੇਸ਼ ਧੁਨੀ।
ਬਿਸ਼੍ਰਾਮ-ਸੇਧ-
ਸਿਵ, ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ।
ਪਦ ਅਰਥ :

ਵਿਚਿ-(ਜੀਵਾਂ) ਵਿਚ। ਹਉਮੈ-ਮੈਂ-ਮੇਰੀ। ਮੰਦਰੁ-ਸਰੀਰ-ਕੋਠਾ। ਪੰਚ ਚੋਰ-ਕਾਮ-ਕ੍ਰੋਧ-ਲੋਭ-ਮੋਹ-ਅਹੰਕਾਰ ਪੰਜੇ ਚੋਰ। ਦਸ ਨਾਰੀ-ਦਸ ਇਸਤ੍ਰੀਆਂ (ਇੰਦ੍ਰੀਆਂ)। ਪੁਰਖੁ-ਮਨ। ਸਾਦਿ-ਸੁਆਦ (ਚਸਕੇ) ਵਿਚ। ਸਿਵ-ਜੀਵਾਤਮਾ। ਸਕਤਿ-ਮਾਇਆ। ਇਕਿ-ਕਈ ਜੀਵ। ਬਿੰਬੁ-ਬੁਲਬੁਲਾ।

ਅਰਥ :

(ਹੇ ਰਚਣਹਾਰ ਕਰਤਾਰ!) ਤੂੰ ਸੰਸਾਰ ਵਿਚ (ਮਾਇਆ ਦਾ) ਤਮਾਸ਼ਾ ਰਚਿਆ ਹੋਇਆ ਹੈ, (ਜੀਵਾਂ) ਅੰਦਰ ਹਊਮੈ (ਮੈਂ-ਮੇਰੀ) ਪਾ ਛਡੀ ਹੈ।

ਸਰੀਰ ਮਾਨੋ ਇੱਕ ਕੋਠਾ ਹੈ, ਜਿਸ ਵਿੱਚ ਕਾਮ ਆਦਿਕ ਪੰਜ ਚੋਰ (ਵਸਦੇ) ਹਨ, ਜੋ ਨਿਤ ਮ. ਠੀਆਂ ਕਰਤੂਤਾਂ ਕਰਦੇ ਰਹਿੰਦੇ ਹਨ।

(ਸਰੀਰ ਕੋਠੇ ਵਿਚ) ਇਕ ਪੁਰਸ਼ (ਮਨ) ਤੇ ਦਸ ਇਸਤ੍ਰੀਆਂ (ਇੰਦ੍ਰੀਆਂ) ਬਣਾਈਆਂ ਹੋਈਆਂ ਹਨ, ਦਸੇ ਦੀਆਂ ਦਸੇ ਮਾਇਕੀ ਚਸਕੇ ਵਿਚ ਲੰਪਟ ਹਨ।

ਇਸ ਮੋਹ ਲੈਣ ਵਾਲੀ ਮਾਇਆ ਨੇ (ਇਹ ਦਸੇ ਇੰਦ੍ਰੀਆਂ) ਆਪਣੇ ਰੂਪ ਉਤੇ ਮੁਹਤ ਕੀਤੀਆਂ ਹੋਈਆਂ ਹਨ, ਨਿਤ (ਮਾਇਆ-ਮੋਹ ਵਿਚ ਗ੍ਰਸੀਆਂ) ਭਟਕਦੀਆਂ ਫਿਰਦੀਆਂ ਹਨ।

(ਹੇ ਕਰਤਾਰ! ਸੰਸਾਰ ਵਿਚ) ਦੋਵੇਂ ਤਰਫਾਂ (ਲਿਵ ਅਤੇ ਧਾਤ) ਤੂੰ ਆਪ ਹੀ ਕੀਤੀਆਂ ਹੋਈਆਂ ਹਨ। (ਇਉਂ) ਸ਼ਿਵ (ਜੀਵ ਆਤਮਾ) ਅਤੇ ਸ਼ਕਤੀ (ਮਾਇਆ) ਦੀ ਲੀਲ੍ਹਾ ਵਰਤਾ ਰਖੀ ਹੈ।

(ਅਚੰਭੇ ਵਾਲੀ ਗੱਲ ਹੈ) ਸ਼ਿਵ (ਜੀਵਾਤਮਾ) ਸ਼ਕਤੀ (ਮਾਇਆ) ਅਗੇ ਹਾਰਿਆ ਫਿਰਦਾ ਹੈ। ਹਰੀ ! ਏਵੇਂ ਹੀ ਤੇਰੀ ਭਾਵੀ (ਰਜ਼ਾਅ) ਹੈ।

ਕਈ (ਵਡਭਾਗੇ ਜੀਵ) ਜਿਹੜੇ ਤੂੰ ਸਤਸੰਗ ਨਾਲ ਲਿਆ ਜੋੜੇ, ਉਹ ਤੂੰ ਆਪ ਹੀ (ਮਾਇਆ ਦੇ) ਫੰਧੇ ਵਿਚੋਂ ਬਚਾਅ ਲਏ।

(ਸਤਸੰਗ ਨਾਲ ਮਿਲੇ ਗੁਰਮੁਖਾਂ ਨੂੰ ਤੂੰ ਆਪਣੇ ਵਿਚ ਲੀਨ ਕਰ ਕੇ ਅਭੇਦ ਕਰ ਲੈਂਦਾ ਹੈ, ਜਿਵੇਂ) ਪਾਣੀ ਵਿਚੋਂ ਹਵਾ ਵਲੋਂ ਉਠਾਇਆ ਬੁਲਬੁਲਾ ਫਿਰ ਪਾਣੀ ਵਿਚ ਸਮਾ ਜਾਂਦਾ ਹੈ।੬। *****

## "ਸੂਰਾ" ਜੁਲਾਈ, ੧੯੯੫ ਵਿੱਚ ਦਿੱਤੇ ਗਏ ਬੱਚਿਆਂ ਲਈ ਸਵਾਲਾਂ ਦੇ ਜਵਾਬ:

1. ਸ੍ਰੀ ਜਪੁ ਜੀ ਸਾਹਿਬ ਵਿੱਚ ਹੇਠ ਲਿਖੇ ਦੋ ਸਲੋਕ ਹਨ:-
ੳ) ਆਦਿ ਸਚੁ, ਜੁਗਾਦਿ ਸਚੁ।। ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ।।੧।।
ਅ) "ਪਵਣ ਗੁਰੁ, ਪਾਣੀ ਪਿਤਾ" ਤੋਂ ਲੈਕੇ "ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲ।।੧।। ਤੱਕ।
ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਰਾਗ-ਰਹਿਤ ਹੈ।

2. ਖਾਲੀ ਥਾਂ ਭਰ ਕੇ ਸਵਾਲ ਵਿੱਚ ਦਿੱਤੀ ਤੁਕ ਇਉਂ ਹੈ :-
"ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤ ਛਕਿ ਛਕੇ।"
ਇਹ ਤੁਕ ਆਸਾ ਰਾਗ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਦੇ ਉਚਾਰਨ ਕੀਤੇ ਛੰਤ ਵਿੱਚੋਂ ਹੈ।
ਇਸ ਤੁਕ ਦਾ ਅਰਥ ਇਉਂ ਹੈ :-
ਜਿਨ੍ਹਾਂ ਮਨੁੱਖਾ ਨੂੰ ਆਪਣੇ ਮਨ ਵਿੱਚ ਸਤਿਗੁਰੂ ਦੀ ਬਾਣੀ ਪਿਆਰੀ ਲੱਗਣ ਲੱਗ ਪੈਂਦੀ ਹੈ ਉਹ ਅੰਮ੍ਰਿਤ ਬਾਣੀ ਦਾ ਰਸ ਛਕ ਛਕ ਕੇ ਤ੍ਰਿਪਤ ਹੋ ਜਾਂਦੇ ਹਨ।

3. ਜਾਪ ਸਾਹਿਬ ਵਿੱਚ ਦਸਮੇਸ਼ ਪਿਤਾ ਨੇ ਅਕਾਲ ਪੁਰਖ ਦਾ ਰੂਪ ਇਉਂ ਚਿਤਰਿਆ ਹੈ-
ਚੱਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ।।
ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ।।
ਅਚਲ ਮੂਰਤਿ, ਅਨਭਉ ਪ੍ਰਕਾਸ, ਅਮਿਤੋਜਿ ਕਹਿੱਜੈ।।
ਕੋਟਿ ਇੰਦ੍ਰ ਇੰਦ੍ਰਾਣ, ਸ਼ਾਹ ਸ਼ਾਹਾਣਿ ਗਣਿੱਜੈ।।
ਤ੍ਰਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ।।
ਤਵ ਸਰਬ ਨਾਮ ਕਥੈ ਕਵਨ, ਕਰਮ ਨਾਮ, ਬਰਣਤ ਸੁਮਤਿ।।੧।।

4. ਗੋਸਾਈਂ ਤੁਲਸੀ ਦਾਸ ਦਾ ਕਥਨ ਹੈ-
ਢੋਰ, ਗੁਆਰ, ਸ਼ੂਦਰ, ਪਸੂ, ਨਾਰੀ।
ਪਾਂਚਉ ਤਾੜਨ ਕੇ ਅਧਿਕਾਰੀ।
ਪਰ ਆਸਾ ਕੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ-
"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।"
ਭਾਵ ਜਿਸ ਇਸਤਰੀ ਤੋਂ ਸੰਸਾਰ ਦੇ ਮਹਾਂਪੁਰਖਾਂ ਨੇ ਜਨਮ ਲਿਆ ਹੈ ਉਸ ਨੂੰ ਮਾੜਾ ਕਿਉਂ ਕਿਹਾ ਜਾਏ ?

5 "ਮ: ੫" ਨੂੰ ਮਹਲਾ ਪੰਜਵਾਂ ਅਤੇ "ਪਾ:੧੦" ਨੂੰ ਪਾਤਸ਼ਾਹੀ ਦਸਵੀਂ ਪੜ੍ਹਿਆ ਜਾਏਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਵੀ ਐਸਾ ਸ਼ਬਦ ਨਹੀਂ ਹੈ ਜਿਸ ਉੱਪਰ ਪਾ:੧੦ ਲਿਖਿਆ ਹੋਇਆ ਹੈ। *****

ਸਉਦੇ ਵਾਹੁ ਵਾਹੁ ਉਚਰਹਿ, ਉਠਦੇ ਭੀ ਵਾਹੁ ਕਰੇਨਿ।।
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ।।
(ਪੰਨਾ ੩੧੩)


www.AKJ.Org

# "ਮਰਦ ਮਰਜੀਵੜੇ ਕੌਮੀ ਪ੍ਰਵਾਨਿਆਂ ਦੀ"

(ਸੁਰਜੀਤ ਸਿੰਘ "ਸਾਜਨਾ"

ਸਿਰ ਕੱਟ ਗਏ ਸਿਦਕ ਨਹੀਂ ਜਾਣ ਦਿੱਤਾ,
ਕੇਸੋ ਅਣਖੀਂ ਜਿਰਲੱਖ ਹੈਸਨ ਬੀਰ ਉਹ।
ਕਰ ਅਰਦਾਸ ਜਦ ਤੁਰੇ ਮੈਦਾਨਿ ਜੰਗ ਨੂੰ,
ਪੀ ਗਏ ਜਾਮੇ ਸ਼ਹਾਦਤ ਅਖੀਰ ਉਹ।
ਮੋਹ ਨਹੀਂ ਪਾਇਆ ਜ਼ਰ ਜ਼ੋਰੂ ਜ਼ਮੀਨ ਦੇ ਨਾਲ,
ਸਿਦਕ ਦਿਲੀ ਵਾਲੇ ਹੈਸਨ ਫਕੀਰ ਉਹ।
ਧਰਮ ਕੌਮ ਦੀ ਸ਼ਾਨ ਲਈ ਕੁਰਬਾਨ ਹੋ ਗਏ,
ਖੁਸ਼ੀ ਖੁਸ਼ੀ, ਨਾਂ ਹੋਏ ਦਿਲਗੀਰ ਉਹ।
ਨਹੀਂ ਕਿਸੇ ਇਤਿਹਾਸ 'ਚ ਮਿਸਾਲ ਮਿਲਦੀ,
ਐਸੇ ਅਣਖੀ ਤੇ ਮਰਦ ਮਰਦਾਨਿਆਂ ਦੀ।
ਮੁਲਕ ਅੱਜ ਵੀ ਗਾਥਾ ਹਨ ਗਾਂਵਦੇ ਪਏ,
ਮਰਦ, ਮਰਜੀਵੜੇ ਕੌਮੀ ਪ੍ਰਵਾਨਿਆਂ ਦੀ।
ਗੁਰੂ ਜਿਨ੍ਹਾਂ ਦੇ ਆਪ ਸ਼ਹੀਦ ਹੋਵਣ,
ਸਿੱਖ ਉਨ੍ਹਾਂ ਦੇ ਨਾਂ ਕਿਉਂਕਰ ਸ਼ਹੀਦ ਹੋਵਣ।
ਚੜ੍ਹਦੀ ਕਲਾ ਦੀ ਜਿਨ੍ਹਾਂ ਨੂੰ ਮਿਲੀ ਗੁੜ੍ਹਤੀ,
ਉਹ, ਕਿਸ ਲਈ ਨਾਂ ਉਮੀਦ ਹੋਵਣ।
ਗੁਰੂ ਪਾਏ ਜੋ ਪੂਰਨੇ, ਤੁਰੇ ਜਾਣ ਉਸਤੇ,
ਕਦੇ ਗੁਰੂ ਤੋਂ ਨਾ ਬੇਮੁੱਖ ਮੁਰੀਦ ਹੋਵਣ।
ਕਦੇ ਪਿੱਠ ਦਿਖਾ ਕੇ, ਨਾ ਉਹ ਬਣਨ ਗੀਦੀ,
ਸਾਂਹਵੇਂ ਰਹਿਣ, ਨਾਂ ਗੁਰੂ ਦੀ ਦੀਦ ਖੋਵਣ।
ਸਮ੍ਹਾਂ ਰੱਖੀ ਹੈ, ਉਨ੍ਹਾਂ ਅਧੀਨ ਕਰਕੇ,
ਕੇਹੀ ਸ਼ਾਨ ਹੈ ਐਸੇ ਦਿਲਦਾਨਿਆਂ ਦੀ।
ਕਲਮਾਂ ਹਾਰ ਗਈਆਂ, ਸਿਫਤਾਂ ਨਾਂ ਲਿੱਖ ਸਕੀਆਂ,
ਮਰਦ, ਮਰਜੀਵੜੇ ਕੌਮੀ ਪ੍ਰਵਾਨਿਆਂ ਦੀ।
ਕਿਸੇ ਦੁਨੀਆਂ ਵਿੱਚ ਨਾਮਣਾ ਖੱਟਿਆ ਹੈ,
ਕਰਾਮਾਤਾਂ ਦਿਖਾ ਕੇ ਭਗਵਾਨ ਬਣਕੇ।
ਕਿਸੇ ਹਵਸ ਨਾਲ ਦੁਨੀਆਂ ਵੀਰਾਨ ਕੀਤੀ,
ਕਈ ਹੋਏ ਬਦਨਾਮ, ਸ਼ੈਤਾਨ ਬਣਕੇ।
ਰਿੱਧਾਂ ਸਿੱਧਾਂ ਨਾਲ ਦੁਨੀਆਂ ਫਤਿਹ ਕੀਤੀ,
ਜ਼ੁਲਮ ਢਾਹੇ ਫਿਰ ਕਈ ਹੈਵਾਨ ਬਣਕੇ।
ਬਾਬੇ ਨਾਨਕ, ਦਰ ਦੁਨੀਆਂ ਨੂੰ ਮਗਰ ਲਾਇਆ,
ਰਹਿਕੇ ਵਿੱਚ ਇਨਸਾਨਾਂ, ਇਨਸਾਨ ਬਣਕੇ।
ਨਾਮ ਖੁਮਾਰੀਆਂ ਦੇ ਰੰਗ ਵਿੱਚ ਰੰਗ ਦਿੱਤਾ,
ਮਸਤੀ ਲੱਥੀ ਨਹੀਂ ਚੜ੍ਹੀ ਮਸਤਾਨਿਆਂ ਦੀ।
ਇਸੇ ਮਸਤੀ ਲਈ ਟੋਲੀ ਕੁਰਬਾਨ ਹੋ ਗਈ,
ਮਰਦ, ਮਰਜੀਵੜੇ, ਕੌਮੀ ਪ੍ਰਵਾਨਿਆਂ ਦੀ।
ਮਸਤੀ ਚੜ੍ਹੀ ਜਾਂ ਬੰਦਾ ਬਹਾਦਰ ਸਿੰਘ ਨੂੰ,
ਉਸਨੇ ਖੰਡੇ ਨਾਲ ਖੰਡਾ ਖੜਕਾ ਦਿੱਤਾ।
ਜਿਥੇ ਗਿਆ, ਉਹਦੇ ਫਤਹਿ ਨੇ ਪੈਰ ਚੁੰਮੇ,
ਹਰ ਥਾਂ ਕੇਸਰੀ ਨਿਸ਼ਾਨ ਲਹਿਰਾ ਦਿੱਤਾ।
ਕੈਦ ਹੋਇਆ ਤਾਂ ਰਤਾ ਨਹੀਂ ਈਨ ਮੰਨੀ,
ਪ੍ਰੀਵਾਰ, ਕੌਮ ਦੀ ਭੇਟਾ ਚੜ੍ਹਾ ਦਿੱਤਾ।
ਸਿੱਖ ਰਾਜ ਜੋ ਬਾਅਦ ਵਿਚ ਕਾਇਮ ਹੋਇਆ,
ਰਾਹ ਉਹਦੇ ਲਈ ਸਾਫ ਬਣਾ ਦਿੱਤਾ।
ਵਧੇ ਕਦਮ ਜੋ ਨਹੀਂ ਪਿਛਾਂਹ ਪਰਤੇ,
ਪੂਰਤੀ ਕਰਦੇ ਗਏ, ਮਿਥੇ ਨਿਸ਼ਾਨਿਆਂ ਦੀ।
ਸਿਰ ਝੁਕ ਗਿਆ, ਜਦ ਵੀ ਯਾਦ ਆਈ,
ਮਰਦ, ਮਰਜੀਵੜੇ, ਕੌਮੀ ਪ੍ਰਵਾਨਿਆਂ ਦੀ।
ਇਸੇ ਮਸਤੀ ਦਾ ਸਦਕਾ ਕੁਰਬਾਨ ਹੋਏ,
ਮਨੀ ਸਿੰਘ ਨੇ ਬੰਦ ਬੰਦ ਕਟਵਾ ਦਿੱਤਾ।
ਤਾਰੂ ਸਿੰਘ ਨੇ ਖੋਪੜੀ ਲੁਹਾ ਦਿੱਤੀ,
ਤੂੰਬਾ, ਤੂੰਬਾ, ਸਰੀਰ ਤੁੜਵਾ ਦਿੱਤਾ।
ਚਰਖੜੀਆਂ ਚੜ੍ਹੇ ਤਾਂ ਹੱਸਦੇ ਮੁਸਕਉਂਦੇ ਰਹੇ,
ਈਨ ਮੰਨੀ ਨਹੀਂ ਸਿਦਕ ਨਿਭਾ ਦਿੱਤਾ।
ਸਵਾ ਸਵਾ ਮਣ ਪੀਹਣ ਵੀ ਪੀਹ ਦਿੱਤਾ,
ਮਾਵਾਂ, ਪੁੱਤਰਾਂ ਨੂੰ ਨੇਜ਼ੇ ਟੰਗਵਾ ਦਿੱਤਾ।
ਬਿਨਾਂ ਸੀਸ ਦੇ ਵਿੱਚ ਮੈਦਾਨ ਲੜ ਕੇ,
ਇੱਜ਼ਤ ਰੱਖ ਲਈ ਅਣਖੀ ਦੀਵਾਨਿਆਂ ਦੀ।
ਕਾਬਲ ਕੰਧਾਰ ਤੱਕ ਅੱਜ ਵੀ ਹੋਏ ਚਰਚਾ,
ਮਰਦ, ਮਰਜੀਵੜੇ, ਕੌਮੀ ਪ੍ਰਵਾਨਿਆਂ ਦੀ।
ਤੋਪਾਂ ਚਲੀਆਂ ਤੇ ਚੀਥੜੇ ਉਡਦੇ ਰਹੇ,
ਹਕੂਮਤ ਸਿਦਕੀਆਂ ਨੂੰ ਨਹੀਂ ਡਰਾ ਸਕੀ।
ਕਈ ਮੰਨੂੰ ਵਰਗੇ ਆਪ ਮੁੱਕ ਗਏ ਨੇ,
ਸਿੱਖੀ ਹੋਰ ਵਧੀ, ਨਹੀਂ ਮੁਕਾ ਸਕੀ।
ਕਦ ਛੋਟੇ, ਪਰ ਅਣਖਾਂ ਵੱਡੀਆਂ ਨੇ,
ਮੈਦਾਨਿ ਜੰਗ ਵਿੱਚ ਨਹੀਂ ਹਰਾ ਸਕੀ।
ਜਿਹੜੇ ਮੌਤ ਪਰਨਾਉਣੀ ਜਾਣਦੇ ਨੇ,
ਮੌਤ, ਉਨ੍ਹਾਂ ਨੂੰ, ਨਹੀਂ ਭਜਾ ਸਕੀ।
ਮੈਂ ਕੀ ਲਿਖਾਂ, ਸ਼ਬਦ ਨਹੀਂ ਕੋਲ ਮੇਰੇ,
ਸਿਫਤ ਕੀਤੀ ਹੈ, ਕਵੀਆਂ ਕਈ ਦਾਨਿਆਂ ਦੀ।
ਵਾਰਾਂ ਗਾਉਣ ਢਾਡੀ, ਮੱਲਾਂ ਜੋ ਮਾਰੀਆਂ ਨੇ,
ਮਰਦ, ਮਰਜੀਵੜੇ, ਕੌਮੀ ਪ੍ਰਵਾਨਿਆਂ ਦੀ।

*****



www.AKJ.Org

# ਗੁਰਦੀਖਿਆ - ਅੰਮ੍ਰਿਤ

(ਭਾਈ ਜੋਗਿੰਦਰ ਸਿੰਘ ਤਲਵਾੜਾ)

## ਗੁਰ-ਦੀਖਿਆ

ਮਹਾਨ ਕੋਸ਼ ਅਨੁਸਾਰ "ਦੀਖਿਆ" ਦਾ ਅਰਥ ਹੈ "ਧਰਮ-ਮੰਤਰ ਦਾ ਉਪਦੇਸ਼" । ਸੋ "ਗੁਰ-ਦੀਖਿਆ" ਤੋਂ ਭਾਵ ਹੈ "ਨਾਮ-ਗੁਰਮੰਤਰ" ਅਥਵਾ ਖਾਲਸਾ ਰਹਿਤ ਸੰਬੰਧੀ ਗੁਰਮਤਿ ਉਪਦੇਸ਼ ਜੋ ਗੁਰੂ ਵਲੋਂ ਗੁਰ-ਦੀਖਿਆ ਸੰਸਕਾਰ ਸਮੇਂ ਨਿਸਚਿਤ ਵਿਧੀ ਅਨੁਸਾਰ ਜਗਿਆਸੂ ਨੂੰ ਸਿਖੱ ਧਰਮ ਵਿਚ ਪ੍ਰਵੇਸ਼ ਕਰਨ ਲਈ ਦਿੱਤਾ ਜਾਂਦਾ ਹੈ।

ਮਨੁਖੀ ਜੀਵਨ ਦੇ ਦੋ ਪੱਖਾਂ (ਅਧਿਆਤਕ ਅਤੇ ਸੰਸਾਰਕ) ਵਿਚੋਂ ਦੀਖਿਆ ਦਾ ਸਬੰਧ ਪ੍ਰਮੁਖ ਤੌਰ ਤੇ ਜੀਵਨ ਦੇ ਅਧਿਆਤਮਕ ਪੱਖ ਨਾਲ ਹੈ, ਜਿਸ ਦੁਆਰਾ ਮਨੁਖ ਨੂੰ ਆਤਮਾ ਪ੍ਰਮਾਤਮਾ ਦਾ ਗਿਆਨ ਬਖਸ਼ ਕੇ ਧਰਮ-ਮਾਰਗ ਉਤੇ ਪਾਇਆ ਜਾਂਦਾ ਹੈ।

ਦੀਖਿਆ ਅਤੇ ਸਿਖਿਆ ਦੋਹਾਂ ਵਿਚ ਪਰਸਪਰ ਫਰਕ ਹੈ। ਦੀਖਿਆ, ਆਤਮਾਨਾਮ ਹੈ! ਜੀਅ-ਦਾਨ ਹੈ! ਇਹ ਮੁੱਢਲੀ ਪੂੰਜੀ ਹੈ ਜਿਹੜੀ ਜਗਿਆਸੂ ਨੂੰ ਜੀਵਨ-ਪ੍ਰਯੰਤ ਧਰਮ ਦਾ ਵਪਾਰ ਕਰਨ ਲਈ ਗੁਰੂ ਵਲੋਂ ਬਖਸ਼ੀ ਜਾਂਦੀ ਹੈ। ਇਹ ਗੁਰੂ-ਆਪੇ ਅਤੇ ਸਿੱਖ-ਆਪੇ ਦਾ ਅਧਿਆਤਮਕ ਸੰਜੋਗ ਹੈ। ਜਿਵੇਂ ਪਾਰਸ ਨੂੰ ਪਰਸ ਕੇ ਮਨੂਰ ਸੋਨਾ ਬਣ ਜਾਂਦਾ ਹੈ, ਤਿਵੇਂ ਹੀ ਗੁਰੂ ਦੀ ਅਬਚਲੀ ਨਾਮ-ਜੋਤ ਨਾਲ ਮਿਲ ਕੇ ਸਿੱਖ ਦੀ ਅੰਦਰਲੀ ਜੋਤ ਪ੍ਰਚੰਡ ਹੋ ਜਾਂਦੀ ਹੈ। ਸੋ ਗੁਰ-ਦੀਖਿਆ ਸੰਸਕਾਰ ਗੁਰੂ ਦੀ ਅੰਮ੍ਰਿਤ-ਦ੍ਰਿਸ਼ਟਿ ਦੁਆਰਾ ਪ੍ਰੇਤਹੁ ਦੇਵਤੇ ਬਣਾਉਣ ਦਾ ਕਲਾ-ਕ੍ਰਿਸਮਾਇਣੀ ਸੰਜੋਗ ਹੈ।

ਸਿਖਿਆ ਤੋਂ ਭਾਵ ਹੈ ਉਹ ਗੁਰ-ਉਪਦੇਸ਼ ਜੋ ਸੁਚੱਜਾ ਜੀਵਨ ਜੀਉਣ ਲਈ ਦਿਤੇ ਜਾਂਦੇ ਹਨ। ਦੀਖਿਆ ਦੀ ਰੂਪ-ਰੇਖਾ ਨਿਸਚਿਤ ਹੈ ਅਤੇ ਇਹ ਜੀਵਨ ਵਿੱਚ ਕੇਵਲ ਇਕੋ ਵਾਰੀ ਦਿੱਤੀ ਜਾਂਦੀ ਹੈ ਪਰ ਸਿਖਿਆ ਦਾ ਘੇਰਾ ਚੌੜਾ ਹੈ ਅਤੇ ਇਹ ਬਹੁਤੀ ਵਾਰੀ ਵੀ ਹੋ ਸਕਦੀ ਹੈ।

ਸਾਰੇ ਹੀ ਧਰਮਾਂ ਵਿੱਚ ਦੀਖਿਆ-ਸੰਸਕਾਰ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ "ਯਗਿਓ ਪਵੀਤ" ਦੁਆਰਾ ਦੀਖਿਅਤ ਕੀਤਾ ਜਾਂਦਾ ਹੈ, ਇਸਲਾਮ ਵਿੱਚ "ਸੁੰਨਤ" ਅਤੇ ਈਸਾਈ ਮੱਤ ਵਿਚ ਦੀਖਿਆ ਦਾ ਮਾਧਿਅਮ ਬਪਤਸਮਾ ਹੈ। ਸਿੱਖ ਧਰਮ ਵਿੱਚ ਦੀਖਿਆ ਦਾ ਮਾਧਿਅਮ "ਅੰਮ੍ਰਿਤ-ਸਿੰਚਾਰ" ਹੈ। ਦੀਖਿਅਤ ਕਰਨ ਸਮੇਂ ਜਗਿਆਸੂ ਦੇ ਤਨ ਅਤੇ ਮਨ ਦੋਹਾਂ ਵਿੱਚ ਅੰਮ੍ਰਿਤ ਦਾ ਸਿੰਚਾਰ ਕੀਤਾ ਜਾਂਦਾ ਹੈ। ਸਫਲ-ਜੀਵਨ ਲਈ ਮਨੁਖ ਦੇ ਤਨ ਮਨ ਦੋਹਾਂ ਦਾ ਬਲਵਾਨ ਕੀਤਾ ਜਾਣਾ ਜ਼ਰੂਰੀ ਹੈ।

## ਗੁਰ-ਦੀਖਿਆ ਦੀ ਲੋੜ

ਮਨੁੱਖ ਨੂੰ ਦੀਖਿਆ ਦੀ ਲੋੜ ਕਿਉਂ ਹੈ? ਉਸ ਦਾ ਉੱਤਰ ਲੱਭਣ ਲਈ ਮਨੁੱਖ ਦੀ ਹਸਤੀ ਤੇ ਉਸ ਦੀਆਂ ਜੀਵਨ-ਸਮੱਸਿਆਵਾਂ ਬਾਰੇ, ਕੁਝ ਜਾਨਣਾ ਉਚਿਤ ਹੈ।

ਵਿੱਧਾਤਾ ਦੀ ਸਾਰੀ ਰਚਨਾ ਵਿਚ ਮਨੁਖ ਸਭ ਤੋਂ ਵੱਧ ਵਿਕਾਸ-ਪੂਰਤ ਹਸਤੀ ਹੈ। ਇਸੇ ਕਾਰਨ ਇਸ ਨੂੰ ਅਸ਼ਰਫੁਲ, ਮਖਲੂਕਾਤ ਭਾਵ 'ਧਰਤੀ ਤਾ ਸਰਦਾਰ' ਕਿਹਾ ਗਿਆ ਹੈ। ਬਾਕੀ ਸਾਰੇ ਜੀਵ-ਜੰਤੂ ਉਸ ਦੀ ਤਾਬਿਆਦਾਰੀ ਵਿਚ ਹਨ। ਸੰਸਾਰ ਦੀ ਹਰੇਕ ਵਸਤੂ ਮਨੁੱਖ ਦੇ ਸੁੱਖ ਆਰਾਮ ਲਈ ਸਾਜੀ ਗਈ ਹੈ। ਮਾਇਆ, ਵਿਧਾਤਾ ਵਲੋਂ ਮਨੁੱਖ ਦੀ ਦਾਸੀ ਥਾਪ ਕੇ ਭੇਜੀ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦੀ ਚਮਕ ਦਮਕ ਤੇ ਸ਼ੋਭਾ ਸ਼ਕਤੀ ਉੱਤੇ ਲੁਭਾਇਮਾਨ ਹੋ ਕੇ ਮਨੁੱਖ ਨੇ ਇਸ ਨੂੰ ਮਾਲਕਾਣੀ ਸਮਝ ਕੇ ਇਸ ਦੀ ਤਾਬੇਦਾਰੀ ਸਵੀਕਾਰ ਕੀਤੀ ਹੋਈ ਹੈ।

ਧਰਤੀ ਦੇ ਸਰਦਾਰ ਮਨੁੱਖ ਦਾ ਜੀਵਨ ਜੇ ਤਵੇ-ਪਰਾਤ ਤੱਕ ਹੀ ਸੀਮਤ ਹੋਵੇ ਤਾਂ ਇਸ ਵਿੱਚ ਅਤੇ ਬਾਕੀ ਪਸ਼ੂਆਂ ਵਿਚ ਕੋਈ ਫਰਕ ਹੀ ਨਹੀਂ ਰਹਿੰਦਾ। ਇਸ ਦੀ ਸਰਦਾਰੀ ਦਾ ਭੇਦ ਤਾਂ ਇਸ ਦੀ ਵਿਵੇਕ-ਬੁੱਧੀ ਵਿਚ ਹੈ।

ਵਿਵੇਕ-ਬੁੱਧੀ ਦੁਆਰਾ ਮਨੁੱਖ ਅੰਦਰ ਇਹ ਜਾਨਣ ਦੀ ਉਤਸੁਕਤਾ ਪੈਦਾ ਹੁੰਦੀ ਹੈ ਕਿ ਮੈਂ ਕੀ ਹਾਂ? ਮੇਰਾ ਸੰਸਾਰ ਵਿਚ ਆਉਣ ਦਾ ਕੀ ਪ੍ਰਯੋਜਨ ਹੈ? ਉਸ ਪ੍ਰਯੋਜਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਇਨ੍ਹਾਂ ਪ੍ਰਸ਼ਨਾਂ ਦਾ ਉਤਰ ਗੁਰਬਾਣੀ ਵਿਚੋਂ ਇਸ ਪ੍ਰਕਾਰ ਮਿਲਦਾ ਹੈ :

(੧) ਮਨੁੱਖ ਪ੍ਰਮਾਤਮਾ ਦੀ ਅੰਸ ਹੈ :

**ਕਹੁ ਕਬੀਰ ਇਹ ਰਾਮ ਕੀ ਅੰਸੁ।।**

(੨) ਮਨੁੱਖਾ-ਜਨਮ ਦਾ ਪ੍ਰਯੋਜਨ ਆਪਣੇ ਮੂਲ ਨੂੰ ਪਛਾਣ ਕੇ ਉਸ ਵਿਚ ਲੀਨ ਹੋਣਾ ਹੈ।

**ਮਿਲੁ ਜਗਦੀਸ ਮਿਲਨ ਕੀ ਬਰੀਆ।।**
**ਚਿਰੰਕਾਲ ਇਹ ਦੇਹ ਸੰਜਰੀਆ।।**

(੩) ਜੀਵਨ ਮੰਤਵ ਦੀ ਪ੍ਰਾਪਤੀ, ਗੁਰੂ ਧਾਰਨ ਕੀਤੇ ਬਗੈਰ ਅਥਵਾ ਗੁਰ-ਦੀਖਿਆ ਪ੍ਰਾਪਤ ਕੀਤੇ ਬਗੈਰ ਸੰਭਵ ਨਹੀਂ।

**ਬਿਨੁ ਸਤਿਗੁਰ ਕਿਨੈ ਨ ਪਾਇਓ।।**
**ਬਿਨੁ ਸਤਿਗੁਰ ਕਿਨੈ ਨ ਪਾਇਆ।।**

ਤੱਤ ਸਾਰ ਇਹ ਹੈ ਕਿ ਗੁਰੂ ਦੇ ਬਗੈਰ ਪਰਮਾਰਥਕ ਗਿਆਨ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਗੁਰ-ਦੀਖਿਆ ਪ੍ਰਾਪਤੀ ਤੋਂ ਵਿਰਵੇ ਅਗਿਆਨੀ ਮਨੁੱਖਾਂ ਵਿਚ ਪਸ਼ੂ-ਬਿਰਤੀਆਂ ਪ੍ਰਧਾਨ ਹੁੰਦੀਆਂ ਹਨ। ਏਸੇ ਲਈ ਗੁਰ ਮੰਤਰ-ਹੀਣ ਪ੍ਰਾਣੀਆਂ ਨੂੰ ਗੁਰਬਾਣੀ ਅੰਦਰ ਕੁੱਤਿਆਂ, ਸੂਰਾਂ, ਖੋਤਿਆਂ ਅਤੇ ਤ੍ਰਿਗਧ ਜੂਨਾਂ ਦੇ ਪਸ਼ੂਆਂ



www.AKJ.Org

ਨਾਲ ਤੁਲਨਾ ਦਿੱਤੀ ਗਈ ਹੈ।

ਗੁਰੂ ਪਾਤਸ਼ਾਹ ਅਜਿਹੇ ਮੂਰਖਾਂ ਦੇ ਜੰਮਣ ਨੂੰ ਫਿਟਕਾਰ ਪਾਉਂਦੇ ਹਨ।

ਗੁਰ ਮੰਤਰ ਦੀ ਪ੍ਰਾਪਤੀ ਕੀਤੇ ਬਗੈਰ ਮਨੁਖ ਨਿਗੁਰਾ ਰਹਿੰਦਾ ਹੈ ਅਤੇ ਅਧਿਆਤਮਕ ਦੁਨੀਆਂ ਵਿਚ ਨਿਗੁਰਾ ਹੋਣਾ ਵੱਡੀ ਲਾਹਨਤ ਹੈ।

**ਗੁਰ-ਦੀਖਿਆ ਅੰਮ੍ਰਿਤ**

ਸਿੱਖ ਧਰਮ ਵਿੱਚ ਜਗਿਆਸੂ ਨੂੰ ਦੀਖਿਅਤ ਕਰਨ ਸਮੇਂ ਗੁਰੂ "ਅੰਮ੍ਰਿਤ-ਨਾਮੁ" ਬਖਸ਼ਦਾ ਹੈ। ਇਸ ਮਰਯਾਦਾ ਦਾ ਧਰੁਵਾ ਧੁਰੋਂ ਸਚਖੰਡ ਵਿਚੋਂ ਹੀ ਬੱਝਾ ਹੋਇਆ ਹੈ।

ਵੇਈਂ- ਪ੍ਰਵੇਸ਼ ਵਾਲੀ ਸਾਖੀ ਵਿਚ ਇਉਂ ਲਿਖਿਆ ਹੈ :

ਇਕ ਦਿਨ ਆਗਿਆ ਪਰਮੇਸਰ ਕੀ ਹੋਈ। ਜੋ ਨਿਤਾਪ੍ਰਤਿ ਦਰਿਆਓ ਵੇਦਾ ਆਹਾ, ਸੁ ਇਕਿ ਦਿਨਿ ਇਕ ਖਿਜਮਤਿਦਾਰ ਲੇ ਕਰ ਗਇਆ। ਕਪੜੇ ਲਾਹਿ ਖਿਜਮਤਿਦਾਰ ਕੋ ਹਵਾਲੇ ਕੀਤੇ। ਆਪ ਨਾਵਣਿ ਪਇਆ। ਜਿਉ ਪਇਆ ਤਿਉ ਆਗਿਆ ਪਰਮੇਸਰ ਕੀ। ਨਾਲਿ ਸੇਵਕ ਲੇ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ ਕੀਤੀ। ਜੀ ਨਾਨਕ ਹਾਜ਼ਰ ਹੈ। ਤਬਿ ਸਚੀ ਦਰਗਾਹੁ ਦਰਸਨੁ ਹੋਆ।। ਸਾਹਿਬ ਮਿਹਰਵਾਨੁ ਹੋਆ।।............ ਆਗਿਆ ਪਰਮੇਸਰ ਕੀ ਹੋਈ ਨਾਨਕ ਭਗਤੁ ਹਾਜਰੁ ਹੋਆ ਤਾਂ ਅੰਮ੍ਰਿਤੁ ਦਾ ਪਿਆਲਾ ਭਰਿ ਕਰਿ ਆਗਿਆ ਨਾਲ ਮਿਲਿਆ, ਹੁਕਮੁ ਹੋਆ "ਨਾਨਕ! ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ। ਤੂੰ ਪੀਉ" ਤਬਿ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ।

ਬਾਣੀ ਵਿਚ ਹਜ਼ੂਰ ਦਾ ਕਥਨ ਹੈ :

੧ **ਹਉ ਢਾਢੀ ਵੇਕਾਰ ਕਾਰੈ ਲਾਇਆ।।**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।**
**ਢਾਢੀ ਸਚੈ ਮਹਲਿ ਖਸਮਿ ਬੁਲਾਇਆ।।**
**ਸਚੀ ਸਿਫਤ ਸਲਾਹ ਕਪੜਾ ਪਾਇਆ।।**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ।।**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।।**

੨.**ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ।।**
**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।।**

ਗੁਰ- ਪਰਮੇਸਰੁ ਬਾਬੇ ਨੇ ਧੁਰ ਦਰਗਾਹੋਂ ਪ੍ਰਾਪਤ ਕੀਤੀ ਦਾਤ ਦੇਸ਼ਾਂ ਦੇਸ਼ਾਂਤਰਾਂ ਦਾ ਭ੍ਰਮਣ ਕਰਕੇ ਅਭਿਲਾਖੀ ਪੁਰਸ਼ਾਂ ਵਿਚ ਵੰਡੀ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਇਹ ਨਾਮ-ਅੰਮ੍ਰਿਤ ਦੀ ਦਾਤ ਏਵੇਂ ਹੀ ਵੰਡੀ ਜਾਂਦੀ ਰਹੀ ਅਤੇ ਵਰਤਮਾਨ ਕਾਲ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਉੱਤੇ ਨਾਮ-ਅੰਮ੍ਰਿਤ ਦੀ ਵਰਖਾ ਕਰ ਰਹੇ ਹਨ। ਗੁਰ-ਦੀਖਿਆ ਪ੍ਰਾਪਤੀ ਦਾ ਅਧਿਕਾਰ ਤਾਂ ਹਰੇਕ ਮਨੁੱਖ ਮਾਤਰ ਨੂੰ ਹੈ ਪਰ ਇਸ ਵੱਡਮੁਲੀ ਦਾਤ ਦੀ ਪ੍ਰਾਪਤੀ ਕੇਵਲ ਅਜਿਹੇ ਵਡਭਾਗੇ ਵਿਅਕਤੀ ਹੀ ਕਰ ਸਕਦੇ ਹਨ, ਜੋ ਆਪਣੇ ਚਿਤ-ਰੂਪ ਭਾਂਡੇ ਨੂੰ ਸਾਫ ਸੁਥਰਾ ਕਰ ਲੈਂਦੇ ਹਨ। ਹਉਮੈ ਦੀ ਗੰਦਗੀ ਨਾਲ ਲਿਬੜੇ ਹੋਏ ਭਾਂਡੇ ਵਿੱਚ ਅੰਮ੍ਰਿਤ ਵਰਗੀ ਅਮੋਲਿਕ ਵਸਤੂ ਕਿਵੇਂ ਪਾਈ ਜਾ ਸਕਦੀ ਹੈ? ਗੁਰਮਤਿ ਅਨੁਸਾਰ ਹਉਮੈ ਅਤੇ ਨਾਮ ਦੋਵੇਂ ਇਕ ਦੂਜੇ ਦੇ ਵਿਰੋਧੀ ਹਨ ਤੇ ਇਕੱਠੇ ਨਹੀਂ ਟਿਕ ਸਕਦੇ।

ਸੋ ਗੁਰ-ਦੀਖਿਆ ਅੰਮ੍ਰਿਤ ਦੀ ਅਮੋਲਕ ਦਾਤ ਕੇਵਲ ਅੰਮ੍ਰਿਤ ਦੇ ਵਪਾਰੀ ਹੀ ਪ੍ਰਾਪਤ ਕਰ ਸਕੇ ਤੇ ਕਰ ਰਹੇ ਹਨ, ਜਿਹੜੇ ਆਪਾ ਨਿਵਾਰ ਕੇ ਅੰਮ੍ਰਿਤ ਦੇ ਦਾਤੇ ਸਤਿਗੁਰੂ ਜੀ ਦੀ ਸਰਣ ਢਹਿ ਪੈਣ ਅਤੇ ਨੇਕ-ਨੀਯਤੀ ਨਾਲ ਆਯੂ ਪ੍ਰਯੰਤ ਅੰਮ੍ਰਿਤ ਜੀਵਣ ਜੀਉਣ ਦੀ ਪਰਤੱਗਿਆ ਕਰਨ।

ਸਰੀਰ ਆਤਮਾ ਦੇ ਰਹਿਣ ਦਾ ਕੋਠਾ ਹੈ। ਅਗਿਆਨਤਾ ਕਾਰਨ ਮਨੁੱਖ ਆਪਣੇ ਆਪ ਨੂੰ ਸਰੀਰ ਸਮਝੀ ਬੈਠਾ ਹੈ ਅਤੇ ਇਸ ਦੀ ਸਾਰੀ ਭੱਜਦੌੜ ਸਰੀਰ ਦੀ ਪਾਲਣਾ ਪੋਸ਼ਣਾ ਤੱਕ ਹੀ ਸੀਮਤ ਹੈ। ਜਿੰਨੀ ਦੇਰ ਤੱਕ ਆਤਮਾ ਦੀ ਪਛਾਣ ਨਹੀਂ ਹੁੰਦੀ ਉਨੀ ਦੇਰ ਤੱਕ ਜਨਮ ਮਰਨ ਦਾ ਚੱਕਰ ਚਲਿਆ ਰਹਿੰਦਾ ਹੈ। ਆਤਮਾ ਦੀ ਪਛਾਣ ਹੋਣੀ ਓਨੀ ਦੇਰ ਤੱਕ ਅਸੰਭਵ ਹੈ ਜਿੰਨੀ ਦੇਰ ਤੱਕ ਮਨੁੱਖ ਨੂੰ ਗੁਰੂ ਨਹੀਂ ਮਿਲਦਾ। ਸੋ ਆਤਮਾ ਨੂੰ ਪਛਾਣ ਕੇ ਅਮਰ ਹੋਣ ਦਾ ਭੇਦ ਗੁਰੂ-ਪ੍ਰਾਪਤੀ ਅਤੇ ਗੁਰੂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਵਿੱਚ ਹੀ ਹੈ। ਨਾਮ ਅਭਿਆਸ ਦੀ ਤੁਫੈਲ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਆਪਣੇ ਅਸਲੇ ਵਿੱਚ ਅਭੇਦ ਹੋ ਜਾਣਾ ਹੀ ਸਦ-ਜੀਵਨ ਹੈ :

**"ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ।।"**
**"ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ.........।।"**

ਅੰਮ੍ਰਿਤ ਤੋਂ ਭਾਵ ਹੈ ਉਹ ਵਸਤੂ (ਪਦਾਰਥ) ਜਿਸ ਦਾ ਸੇਵਨ ਕਰਕੇ ਮਨੁੱਖ ਅਮਰ ਹੋ ਜਾਵੇ, ਇਸ ਲਈ-ਅੰਮ੍ਰਿਤ-ਪ੍ਰਾਪਤੀ ਹਰੇਕ ਮਨੁੱਖ ਦੀ ਬੁਨਿਆਦੀ ਲੋਚਾ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਅੰਮ੍ਰਿਤ ਦਾ ਵਰਨਣ ਮਿਲਦਾ ਹੈ। ਇਸ ਦਾ ਨਾਂ ਵੱਖ ਵੱਖ ਬੋਲੀਆਂ ਵਿੱਚ ਵੱਖ ਵੱਖ ਹੈ, ਜਿਵੇਂ ਅੰਗਰੇਜ਼ੀ ਵਿੱਚ ਨੈਕਟਰ (Nectar), ਫਾਰਸੀ ਵਿੱਚ ਆਬਿਹਯਾਤ ਆਦਿ। ਪਰ ਭਾਵ ਸਾਰੇ ਸ਼ਬਦਾਂ ਦਾ ਇਕੋ ਹੀ ਹੈ-"ਅਮਰ ਕਰਨ ਵਾਲਾ ਪਦਾਰਥ" -ਅਮਰ ਹੋਣ ਵਾਲੇ ਵੀ ਆਮ ਮਨੁੱਖ ਭੁਲੇਖੇ ਵਿਚ ਹਨ। ਦੇਹ-ਅਧਿਆਸ ਵਿੱਚ ਗ੍ਰਸਿਆ ਹੋਇਆ ਮਨੁੱਖ ਸਰੀਰ ਕਰਕੇ ਅਮਰ ਹੋਣਾ ਲੋੜਦਾ



www.AKJ.Org

ਹੈ, ਪਰ ਇਹ ਕੁਦਰਤ ਦਾ ਅਟੱਲ ਨਿਯਮ ਹੈ ਕਿ ਦਿੱਸਣ ਵਾਲੀ ਹਰੇਕ ਵਸਤੂ, ਜਿਸ ਦਾ ਵਜੂਦ ਹੈ, ਉਹ ਬਿਨਸਣਹਾਰ ਹੈ।

**ਜੋ ਦੀਸੈ ਸੋ ਬਿਨਸ ਬਿਨਾਸਾ।।**

ਅਸਲ ਵਿੱਚ ਸਰੀਰ ਦੇ ਮੋਹ ਤੋਂ ਮੁਕਤ ਹੋ ਜਾਣਾ ਹੀ ਅਮਰ ਹੋ ਜਾਣਾ ਹੈ। ਸਰੀਰ ਦਾ ਮੋਹ ਓਨੀ ਦੇਰ ਤੱਕ ਛੁਟਦਾ ਨਹੀਂ ਜਿੰਨੀ ਦੇਰ ਤੱਕ ਆਤਮਾ ਦੀ ਪਛਾਣ ਨਹੀਂ ਹੁੰਦੀ ਅਤੇ ਜਿੰਨੀ ਦੇਰ ਤਕ ਸ਼ਬਦ ਪੂਰੀ ਤਰ੍ਹਾਂ ਸੁਰਤੀ ਵਿੱਚ ਪ੍ਰਵੇਸ਼ ਨਹੀਂ ਕਰ ਜਾਂਦਾ।

**ਗੁਰ-ਦੀਖਿਆ ਅੰਮ੍ਰਿਤ (ਇਤਿਹਾਸਕ ਪੱਖ) :**

ਇਤਿਹਾਸ ਤੋਂ ਵਾਚਿਆਂ ਸਿੱਖੀ ਦੇ ਆਰੰਭ ਕਾਲ ਵਿੱਚ ਗੁਰ ਦੀਖਿਆ ਦੇ ਚਰਨਾਮ੍ਰਿਤ ਦੇ ਰੂਪ ਵਿਚ ਦਿਤੇ ਜਾਣ ਦਾ ਪ੍ਰਮਾਣ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਤਬਦੀਲੀ ਆਈ ਅਤੇ ਚਰਨਾਮ੍ਰਿਤ ਦੀ ਥਾਵੇਂ "ਖੰਡੇ ਦਾ ਅੰਮ੍ਰਿਤ" ਪ੍ਰਚਲਿਤ ਕੀਤਾ ਗਿਆ। "ਚਰਨ-ਪਾਹੁਲ" ਅਤੇ "ਖੰਡੇ ਦੀ ਪਾਹੁਲ" ਰਾਹੀਂ ਗੁਰ ਦੀਖਿਅਤ ਕਰਨ ਵਿੱਚ ਮੂਲ-ਤੱਤ ਪਹਿਲੇ ਵਾਂਗ "ਨਾਮ ਦ੍ਰਿੜਾਉਣਾ" ਹੀ ਰਿਹਾ। ਕੇਵਲ ਪਾਹੁਲ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਵਿੱਚ ਹੀ ਤਬਦੀਲੀ ਵਾਪਰੀ। ਤਬਦੀਲੀ ਦਾ ਅਸਲੀ ਕਾਰਨ ਤਾਂ ਗੁਰੂ ਆਪ ਜਾਣਦੇ ਹਨ, ਪਰ ਭਾਸਦਾ ਹੈ ਕਿ ਅਸਲੀ ਵਿਉਂਤ ਅਨੁਸਾਰ "ਗੁਰੂ-ਜੋਤ" ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਦਮਾਨ ਕਰਕੇ ਜੁਗਤ ਵਰਤਾਉਣ ਦਾ ਅਖਤਿਆਰ ਖਾਲਸਾ ਜੀ ਨੂੰ ਬਖਸ਼ੇ ਜਾਣ ਦਾ ਸਮਾਂ ਆ ਚੁੱਕਾ ਸੀ। ਖੰਡੇ ਦੀ ਪਾਹੁਲ ਬਖਸ਼ ਕੇ ਗੁਰੂ ਪਾਤਸ਼ਾਹ ਜੀ ਨੇ ਸੰਸਾਰ ਨੂੰ "ਖਾਲਸਾ" ਕਰਕੇ ਆਪਣੇ ਵਿੱਚ ਅਭੇਦ ਕਰ ਲਿਆ ਤੇ ਗੁਰੂ ਚੇਲੇ ਦਾ ਅੰਤਰ ਮਿਟਾ ਦਿਤਾ। ਸੀਸ-ਭੇਟ ਲਈ ਨਿੱਤਰੇ ਪਹਿਲੇ ਪੰਜਾਂ ਵਿਅਕਤੀਆਂ ਨੂੰ ਦੀਖਿਅਤ ਕਰਕੇ ਪੰਜ ਪਿਆਰਿਆਂ ਦਾ ਖਿਤਾਬ ਦਿੱਤਾ ਗਿਆ, ਫਿਰ ਉਹਨਾਂ ਦੇ ਮੂਹਰੇ ਹੀ ਅੰਮ੍ਰਿਤ ਪ੍ਰਾਪਤੀ ਲਈ ਅੰਮ੍ਰਿਤ-ਦਾਤੇ ਦੇ ਪੇਸ਼ ਹੋਣ ਦੀ ਇਤਿਹਾਸਕ ਘਟਨਾ ਇਸ ਗੱਲ ਦਾ ਸੂਚਕ ਸੀ ਕਿ ਸਿੱਖ ਧਰਮ ਵਿੱਚ ਪ੍ਰਵੇਸ਼ ਹੋਣ ਵਾਸਤੇ ਸਾਰੀ ਉਮਰ ਲਈ ਛੋਟੇ,ਵੱਡੇ, ਅਮੀਰ, ਗਰੀਬ, ਇਸਤਰੀ, ਪੁਰਸ਼ ਦੇ ਵਿਤਕਰੇ ਤੋਂ ਬਗੈਰ, ਦੀਖਿਆ-ਅੰਮ੍ਰਿਤ ਦਾ ਪ੍ਰਾਪਤ ਕੀਤੇ ਜਾਣਾ ਹੁਕਮਨ ਲਾਜ਼ਮੀ ਹੈ ਅਤੇ ਕਿਸੇ ਨੂੰ ਵੀ ਇਸ ਤੋਂ ਛੋਟ ਨਹੀਂ ਹੋ ਸਕਦੀ।

ਇਸ ਧਰਮ ਵਿੱਚ ਦੀਖਿਅਤ ਕਰਨ ਲਈ ਕੋਈ ਨਿਸਚਿਤ ਪੰਜ ਵਿਅਕਤੀ ਨਹੀਂ ਹਨ। ਹਰੇਕ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਪੰਜ ਪਿਆਰਿਆਂ ਵਿੱਚ ਚੁਣੇ ਜਾਣ ਦਾ ਅਧਿਕਾਰੀ ਹੈ ਅਤੇ ਚੁਨਣ ਦਾ ਅਧਿਕਾਰ ਖਾਲਸਾ ਸਾਧ ਸੰਗਤ ਨੂੰ ਹੈ। ਇਸ ਵਿੱਚ ਵਿਸ਼ੇਸ਼ ਧਿਆਨ ਰੱਖਣ ਵਾਲੀ ਕੇਵਲ ਇਕੋ ਗੱਲ ਹੈ ਕਿ ਪੰਜਾਂ ਪਿਆਰਿਆ ਦੀ ਸੇਵਾ ਕੇਵਲ ਅਜਿਹੇ ਵਿਅਕਤੀਆਂ ਨੂੰ ਹੀ ਸੌਂਪੀ ਜਾਣੀ ਚਾਹੀਦੀ ਹੈ, ਜਿਨ੍ਹਾਂ ਦਾ ਨਾਮ ਸਿਮਰਨ ਸਾਸ ਗ੍ਰਾਸ ਹੋਵੇ ਤੇ ਜਿਨ੍ਹਾਂ ਦੇ ਅੰਦਰ ਜੋਤ ਦਾ ਪੂਰਨ ਪ੍ਰਕਾਸ਼ ਹੋਵੇ, ਕਿਉਂ ਜੋ ਕੋਈ ਜਗਦਾ ਦੀਵਾ ਹੀ ਬੁਝੇ ਹੋਏ ਦੀਵੇ ਨੂੰ ਜਗਾ ਸਕਦਾ ਹੈ। ਅੰਮ੍ਰਿਤ-ਸਮਾਗਮ ਦੀ ਸਮਾਪਤੀ ਮਗਰੋਂ "ਪੰਜ ਪਿਆਰੇ" ਫਿਰ ਖਾਲਸਾ ਭਾਈਚਾਰੇ ਵਿੱਚ ਗੁਰਭਾਈਆਂ ਨਾਲ ਸਿੱਖ-ਰੂਪ ਵਿੱਚ ਰਲ-ਮਿਲ ਜਾਂਦੇ ਹਨ। ਇਹ ਹੀ ਵਿਲੱਖਣਤਾ ਹੈ ਗੁਰਮਤਿ ਦੀ।

**ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ :**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਤਮ-ਦਰਸੀ ਪੂਰਨ-ਜੋਤ-ਜਗੰਨੇ ਅੰਮ੍ਰਿਤਧਾਰੀ, ਖਾਲਸਾ ਰਹਿਤ ਵਿਚ ਤਿਆਰ-ਬਰ-ਤਿਆਰ ਪੰਜ ਸਿੰਘ ਤੇ ਇਕ ਗ੍ਰੰਥੀ ਸਿੰਘ ਆਪਸ ਵਿਚ ਇਕ ਇਕ ਕਰਕੇ ਸੋਧ ਸੁਧਾਈ ਕਰਦੇ ਹਨ। ਕਾਰਜ ਅਰੰਭਤਾ ਲਈ ਅਰਦਾਸਾ ਸੋਧਿਆ ਜਾਂਦਾ ਹੈ ਅਤੇ ਅੰਮ੍ਰਿਤ ਅਭਿਲਾਖੀ ਸੱਜਣਾਂ ਦੀ ਵਾਰੋ ਵਾਰੀ ਪੇਸ਼ੀ ਲਈ ਜਾਂਦੀ ਹੈ। ਪਾਤਰ ਕੁਪਾਤਰ ਦੀ ਪਛਾਣ ਕਰਕੇ ਯੋਗ ਵਿਅਕਤੀਆਂ ਦੀ ਛਾਂਟ ਕੀਤੀ ਜਾਂਦੀ ਹੈ ਤੇ ਚੁਣ-ਕੱਢੇ ਵਿਅਕਤੀਆਂ ਨੂੰ ਇੱਕਠਿਆਂ ਅੰਦਰ ਬੁਲਾ ਲਿਆ ਜਾਂਦਾ ਹੈ। ਫਿਰ ਅੰਮ੍ਰਿਤ ਤਿਆਰ ਕਰਨ ਲਈ ਅਰਦਾਸਾ ਸੋਧਿਆ ਜਾਂਦਾ ਹੈ ਅਤੇ ਹੁਕਮਨਾਮਾ ਲੈਣ ਉਪਰੰਤ ਸਰਬਲੋਹ ਦੇ ਬਾਟੇ ਵਿਚ ਸਵੱਛ ਜਲ ਅਤੇ ਪਤਾਸੇ ਪਾ ਕੇ ਪੰਜ ਸਿੰਘ ਵਾਰੋ ਵਾਰੀ ਪੰਜ ਅੰਮ੍ਰਿਤ-ਬਾਣੀਆਂ (ਜਪੁ, ਜਾਪੁ, ਸੁਧਾ ਸਵੈਯੇ, ਬੇਨਤੀ ਚਉਪਈ ਅਤੇ ਅਨੰਦ ਸਾਹਿਬ ) ਦਾ ਇਕਾਗਰ-ਚਿਤ ਹੋਕੇ ਪਾਠ ਕਰਦੇ ਹਨ। ਇਕ ਹੱਥ ਨਾਲ ਸਰਬ ਲੋਹ ਦੇ ਖੰਡੇ ਨੂੰ ਜਲ ਵਿਚ ਰਗੜੀ ਜਾਂਦੇ ਹਨ ਅਤੇ ਦੂਜੇ ਹੱਥ ਨਾਲ ਸਰਬ ਲੋਹ ਦੇ ਬਾਟੇ ਨੂੰ ਥੰਮੀ ਰਖਦੇ ਹਨ। ਪਾਠ ਕਰਦੇ ਹੋਏ ਸੁਰਤੀ ਨੂੰ ਗੁਰਬਾਣੀ ਦੇ ਪਾਠ ਵਿੱਚ ਅਤੇ ਆਪਣੀ ਦ੍ਰਿਸ਼ਟੀ ਨੂੰ ਬਾਟੇ ਦੇ ਜਲ ਉਤੇ ਟਿਕਾਈ ਰਖਦੇ ਹਨ। ਜਗਿਆਸੂਆਂ ਨੂੰ ਖੜ੍ਹੇ ਹੋ ਕੇ ਇਕਾਗਰ-ਚਿਤ ਪਾਠ ਸ੍ਰਵਣ ਕਰਨ ਦਾ ਹੁਕਮ ਹੁੰਦਾ ਹੈ। ਬੀਰ-ਆਸਣ ਸਜੇ ਪੰਜਾਂ ਪਿਆਰਿਆਂ ਦੀ ਰਸਨਾ ਤੋਂ ਬੀਰ-ਰਸ ਵਿਚ ਕੀਤੇ ਅੰਮ੍ਰਿਤ-ਬਾਣੀ ਦੇ ਉਚਾਰਨ, ਨੇਤ੍ਰਾਂ ਦੀ ਅੰਮ੍ਰਿਤ-ਦ੍ਰਿਸ਼ਟੀ ਅਤੇ ਉਹਨਾਂ ਦੀ ਅੰਮ੍ਰਿਤ-ਭਿੰਨੀ-ਦੇਹੁਰੀ ਦੀ ਖੰਡੇ-ਬਾਟੇ ਰਾਹੀਂ ਸਪਰਸ਼ ਦੁਆਰਾ ਸਾਧਾਰਨ ਜਲ 'ਅੰਮ੍ਰਿਤ-ਕਲਾ' ਸੰਪੰਨ ਹੋ ਜਾਂਦਾ ਹੈ। ਇਸ ਅੰਮ੍ਰਿਤ ਦਾ ਪੰਜ ਪਿਆਰਿਆਂ ਦੁਆਰਾ ਅਭਿਲਾਖੀਆਂ ਦੇ ਮੁਖਾਰਬਿੰਦ ਨੇਤ੍ਰਾਂ ਅਤੇ ਦਸਮ-ਦੁਆਰ ਵਿਚ ਸਿੰਚਾਰ ਕੀਤਾ ਜਾਂਦਾ ਹੈ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਦਾ ਬਾਰ ਬਾਰ ਉਚਾਰਨ ਕਰਵਾ



www.AKJ.Org

ਕੇ ਉਸ ਨੂੰ ਨਿਸ਼ਚਾ ਕਰਵਾਇਆ ਜਾਂਦਾ ਹੈ ਕਿ ਖਾਲਸਾ ਕਰਕੇ ਉਸਦਾ ਰਿਸ਼ਤਾ ਵਾਹਿਗੁਰੂ ਨਾਲ ਗੰਢਿਆ ਗਿਆ ਹੈ ਤੇ ਫਤਹਿ ਉਸ ਨੂੰ ਵਿਰਸੇ ਵਿਚ ਦਿਤੀ ਜਾ ਰਹੀ ਹੈ। ਨਾਲ ਹੀ ਅੰਮ੍ਰਿਤ-ਨਾਮ (ਗੁਰਮੰਤ੍ਰ) ਦ੍ਰਿੜਾਇਆ ਜਾਂਦਾ ਹੈ ਅਤੇ ਇਹ ਸਵਾਸ ਸਵਾਸ ਜਪਣ ਦਾ ਉਪਦੇਸ਼ ਦਿਤਾ ਜਾਂਦਾ ਹੈ। ਮੂਲ ਮੰਤਰ ਦਾ ਗਿਆਨ ਬਖਸ਼ਿਆ ਜਾਂਦਾ ਹੈ। ਗੁਰਮਤਿ ਰਹਿਤ ਦੱਸੀ ਤੇ ਦ੍ਰਿੜਾਈ ਜਾਂਦੀ ਹੈ, ਜਿਸ ਵਿਚ ਪੰਜ ਕਕਾਰੀ ਰਹਿਤ ਰਖਣਾ, ਨਿਤਾਪ੍ਰਤਿ ਅੰਮ੍ਰਿਤ ਵੇਲੇ ਘਟੋ ਘਟ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਸ਼ਾਮ ਨੂੰ ਸੋਦਰ ਤੇ ਰਾਤ ਸਮੇਂ ਕੀਰਤਨ ਸੋਹਿਲੇ ਦਾ ਪਾਠ ਕਰਨਾ। ਕੁਠਾ ਖਾਣਾ, ਪੇਰ-ਤਨ ਗਮਨ, ਨਸ਼ਿਆਂ ਦਾ ਸੇਵਨ, ਕੇਸਾਂ ਦੀ ਬੇਅਦਬੀ ਇਹਨਾਂ ਚਾਰ ਬੱਜਰ-ਕੁਰਹਿਤਾਂ ਤੋਂ ਬਚਣਾ ਆਦਿ ਹਨ।

**ਅੰਮ੍ਰਿਤ ਦੀ ਵਿਸ਼ੇਸ਼ਤਾ** :

ਅਸਲ ਵਿਚ ਨਾਮ-ਅੰਮ੍ਰਿਤ ਦਾ ਖਜ਼ਾਨਾ ਹਰੇਕ ਮਨੁਖ ਦੇ ਅੰਦਰ ਲੁਪਤ ਵਿਧਾਤਾ ਵਲੋਂ ਰਖਿਆ ਹੋਇਆ ਹੈ। ਭਰਮ ਦੇ ਅਨ੍ਹੇਰੇ ਕਾਰਨ ਮਨੁਖ ਨੂੰ ਅੰਮ੍ਰਿਤ ਦੀ ਸਾਰ ਨਹੀਂ ਆਉਦੀਂ : **ਘਰਿ ਰਤਨ ਲਾਲ ਬਹੁ ਮਾਣਿਕ ਲਾਦੇ।।**

ਮਾਇਆ ਦਾ ਭਰਮ-ਜਾਲ ਇੰਨਾ ਪ੍ਰਬਲ ਹੈ ਕਿ ਮਨੁਖ ਜ਼ਹਿਰ ਨੂੰ ਮਿੱਠੀ ਕਰਕੇ ਖਾਈ ਜਾ ਰਿਹਾ ਹੈ ਤੇ ਏਸੇ ਵਿਚ ਮਸਤ ਹੈ :

**ਮੀਠੀ ਕਰਕੇ ਬਿਖਿਆ ਖਾਇ।।**

ਅੰਮ੍ਰਿਤ ਦੇ ਖਜ਼ਾਨੇ ਨੂੰ ਮਾਇਆ ਦੇ ਏਜੰਟ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਲੁੱਟੀ ਜਾ ਰਹੇ ਹਨ। ਗੁਰੂ ਵਲੋਂ ਜਗਿਆਸੂਆਂ ਨੂੰ ਬਾਹਰੋਂ ਅੰਮ੍ਰਿਤ ਛਕਾ ਕੇ ਇਸ ਅੰਦਰਲੇ ਅੰਮ੍ਰਿਤ ਨੂੰ ਉਜਾਗਰ ਕੀਤਾ ਜਾਂਦਾ ਹੈ, ਜਿਵੇਂ ਨਲਕੇ ਦਾ ਪਾਣੀ ਜੇ ਉੱਤਰ ਜਾਵੇ ਤਾਂ ਬਾਹਰੋਂ ਪਾਣੀ ਪਾ ਕੇ ਥਲੜੇ ਪਾਣੀ ਨੂੰ ਉੱਪਰ ਲਿਆਈਦਾ ਹੈ।

ਅੰਮ੍ਰਿਤ ਮਨੁੱਖ ਦੇ ਤਨ ਅਤੇ ਮਨ ਦੋਹਾਂ ਨੂੰ ਬਲਵਾਨ ਕਰਦਾ ਹੈ। ਬਲਵਾਨ ਤਨ ਨਾਲ ਮਨੁੱਖ ਬਾਹਰਲੀਆਂ ਆਸੁਰੀ ਸ਼ਕਤੀਆਂ ਦਾ ਟਾਕਰਾ ਕਰ ਸਕਦਾ ਹੈ ਅਤੇ ਬਲਵਾਨ ਮਨ ਦੁਆਰਾ ਅੰਦਰਲੇ ਪੰਜਾਂ ਵੈਰੀਆਂ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਇਤਿਹਾਸ ਗਵਾਹ ਹੈ ਕਿ ਅੰਮ੍ਰਿਤਧਾਰੀ ਖਾਲਸੇ ਨੇ ਉਹਨਾਂ ਜਰਵਾਣਿਆਂ ਨੂੰ ਜਿਹੜੇ ਆਏ ਦਿਨ ਭਾਰਤ ਦੀਆਂ ਬਹੂ-ਬੇਟੀਆਂ ਦੀ ਪੱਤ ਲੁੱਟਦੇ ਚਲੇ ਆ ਰਹੇ ਸਨ, ਨੱਕ ਨਾਲ ਚਨੇ ਚਬਵਾਏ। ਉਹਨਾਂ ਦਾ ਅਜਿਹਾ ਲੱਕ ਤੋੜਿਆ ਕਿ ਅੱਜ ਤੱਕ ਖਾਲਸੇ ਦਾ ਲੋਹਾ ਮੰਨਦੇ ਹਨ।

ਅੰਮ੍ਰਿਤ ਛਕ ਕੇ ਚਿੜੀਆਂ ਬਾਜਾਂ ਉੱਤੇ ਹਾਵੀ ਹੋ ਗਈਆਂ। ਬੰਦ-ਬੰਦ ਕਟਵਾਣੇ, ਚਰਖੜੀਆਂ ਤੇ ਚੜ੍ਹਨਾ, ਖੋਪਰੀਆਂ ਉਤਰਾਉਣੀਆਂ ਆਦਿ ਇਹ ਸਭ ਅੰਮ੍ਰਿਤ ਦੇ ਕ੍ਰਿਸ਼ਮੇ ਹਨ। ਅੰਮ੍ਰਿਤਧਾਰੀ ਖਾਲਸੇ ਦੇ ਬਲਵਾਨ ਮਨ ਦੇ ਕਾਰਨਾਮੇ ਵੀ ਇਤਿਹਾਸ ਵਿੱਚ ਸੁਨਿਹਰੀ ਅੱਖਰਾਂ ਨਾਲ ਲਿਖੇ ਹੋਏ ਹਨ ਕਿ ਭਾਰਤ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਨਵਯੁਵਤੀਆਂ ਨੂੰ ਗਿਲਜਿਆਂ ਦੇ ਪੰਜੇ ਵਿਚੋਂ ਛੁਡਾ ਕੇ ਉਹਨਾਂ ਦੇ ਘਰੋ ਘਰੀ ਸੁਰੱਖਿਅਤ ਪਹੁੰਚਾਇਆ ਗਿਆ। ਖਾਲਸੇ ਦੀ ਮਤਿ-ਪਤਿ ਦਾ ਰਾਖਾ ਗੁਰੂ ਹੈ ਅਤੇ ਅਗੋਂ ਗੁਰੂ ਨੇ ਸੰਸਾਰ ਦੇ ਨਿਤਾਣੇ ਲੋਕਾਂ ਦੀ ਪਤਿ-ਮਤਿ ਦੀ ਰਖਵਾਲੀ ਲਈ ਹੀ ਆਪਣਾ ਖਾਸੁਲ-ਖਾਸ ਰੂਪ "ਖਾਲਸਾ" ਸਾਜਿਆ ਹੋਇਆ ਹੈ। ਅੰਮ੍ਰਿਤ ਪ੍ਰਾਪਤੀ ਦੀ ਤੁਫੈਲ ਖਾਲਸੇ ਅੰਦਰ ਪੈਦਾ ਹੋਈ ਬੀਰਤਾ ਦੀ ਧਾਂਕ ਸਾਰਾ ਸੰਸਾਰ ਮੰਨਦਾ ਹੈ।

• • • • • •

ਪਨਾ ੧੧ ਦਾ ਬਾਕੀ..........

ਤੌਰ ਤੇ ਦਰਸ਼ਨ ਨਾ ਕਰ ਸਕਣ ਦੀ ਮਜਬੂਰੀ ਵਿਚ ਉਹਨਾਂ ਦੇ ਵੈਰਾਗ ਦਾ ਕੜ ਪਾਟ ਗਿਆ। ਬਿਹਬਲਤਾ ਤੇ ਵਿਆਕੁਲਤਾ ਨੇ ਸਰੀਰ ਦੀ ਸੁੱਧ ਵਿਸਾਰ ਦਿੱਤੀ। ਪਰਤੱਖ ਤੌਰ ਤੇ ਤਿੰਨ ਆਤਮਕ ਤਜਰਬਿਆਂ ਦਾ ਪ੍ਰਬੋਧ ਹੋਇਆ (੧) ਸਥੂਲ ਸਰੀਰ ਦਾ ਲੋਥ ਵਾਂਗਰ ਗੱਡੀ ਵਿੱਚ ਲੰਮਾ ਪਿਆ ਰਹਿਣਾ (੨) ਸਰੀਰ ਤੋਂ ਵੱਖ ਹੋਣ ਦੇ ਜਤਨ ਵਿਚ ਸੂਖਮ ਸਰੀਰ ਦਾ ਪਲੇਟ ਫਾਰਮ ਤੇ ਮੂਧੇ ਭਾਰ ਡਿੱਗਣਾ (੩) ਏਜ਼ਦੀ ਹੁਕਮ ਅਨੁਸਾਰ ਮੁਖ ਇਸ਼ਟ ਮੁਖੀ ਹੋਣਾ ਤੇ ਦਿੱਬ ਦ੍ਰਿਸ਼ਟੀ ਦੁਆਰਾ ਅਬਿਚਲ ਨਗਰੀ ਦੀ ਜਗਮਗ ਕਰਦੀ ਜਾਗਤ ਜੋਤਿ ਦੇ ਅਲੌਕਿਕ ਚਮਤਕਾਰੇ ਤੱਕਣੇ।

ਨਿਹਸੰਦੇਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਅਖੰਡ ਕੀਰਤਨ ਦੀ ਅਜਿਹੀ ਨਿਵੇਕਲੀ ਪੰਰਪਰਾ ਪ੍ਰਗਟ ਕੀਤੀ ਹੈ ਜਿਸ ਵਿਚ ਗੁਰਬਾਣੀ ਨੂੰ ਮੁੱਖ ਰੱਖਿਆ ਹੈ, ਅਤੇ ਸਾਜ਼ ਤੇ ਰਾਗ ਗੁਰਬਾਣੀ ਤੇ ਹਾਵੀ ਨਹੀਂ ਹੁੰਦੇ। ਅਖੰਡ ਕੀਰਤਨੀ ਜਥੇ ਨੇ "**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।।**" ਦੀ ਪੂਰਨ ਪਾਲਣਾ ਕਰਦਿਆਂ ਕੀਰਤਨ ਵਿੱਚ ਕੱਚੀ ਬਾਣੀ ਨੂੰ ਬਿਲਕੁਲ ਥਾਂ ਨਹੀਂ ਦਿੱਤੀ। ਇਸ ਦੇ ਨਾਲ ਹੀ ਸਤਿਗੁਰੂ ਦਾ ਫੁਰਮਾਨ : **ਤੂ ਠਾਕਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ।।** ਇਸ ਤੱਤ ਨੂੰ ਦ੍ਰਿੜਾਉਦੀ ਹੈ ਕਿ ਅਕਾਲ ਪੁਰਖ ਸਵੈ ਪ੍ਰੇਮ ਸਰੂਪ ਹੈ, ਵੈਰਾਗ ਦਾ ਸੋਮਾ ਹੈ। ਇਸ ਕਾਰਣ ਜਿਹੜਾ ਸ੍ਰੇਸ਼ਟ ਵੈਰਾਗ ਸੱਚੀ ਬਾਣੀ ਤੋਂ ਉਪਜਦਾ ਹੈ, ਕੱਚੀ ਬਾਣੀ ਤੋਂ ਕਤਈ ਨਹੀਂ ਹੋ ਸਕਦਾ ਤੇ ਇਹ ਸੱਚਾ ਵੈਰਾਗ ਕਚੇ ਗੁਰੂ ਡੰਮ ਤੋਂ ਨਹੀਂ, ਬਲਕਿ ਸੱਚੇ ਗੁਰੂ ਦੇ ਦਰ ਤੋਂ ਉਪਲਧ ਹੈ।

ਪਾਵਨ ਹੁਕਮ ਹੈ :-

**ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਆੜੇ।।**
**ਜੇ ਲੋਚੈ ਸਭੁ ਕੋਇ ਵਣਾਹੰਬੈ।।**
**ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ।।**
**ਸਹਜੇ ਪਾਵੈ ਸੋਇ ਵਣਾਹੰਬੈ।।** (ਮਾਰੂ ਕਬੀਰ-੧੧੦੪)



www.AKJ.Org

# ਮਲਾਰ ਅਤੇ ਬਸੰਤ ਦੇ ਰੰਗ

(ਇੱਕ ਬੀਬੀ)

ਕਈ ਲੋਕੀ ਗੁਰਬਾਣੀ ਦਾ ਕੀਰਤਨ ਕਰਦਿਆਂ ਜਾਂ ਸੁਣਦਿਆਂ ਬਾਣੀ ਦੇ ਅਰਥਾਂ ਨੂੰ ਸੱਚੇ ਸੁੱਚੇ ਢੰਗ ਨਾਲ ਆਪਣੇ ਹਿਰਦੇ ਵਿੱਚ ਨਹੀਂ ਵਸਾਉਂਦੇ ਸਗੋਂ ਗੁਰਬਾਣੀ ਦੀ ਓਟ ਲੈ ਕੇ ਉਹ ਦੁਨਿਆਵੀਂ ਰਿਸ਼ਤੇ ਪਾਲਦੇ ਹਨ। ਉਨ੍ਹਾ ਦਾ ਮਨ ਸੱਚੇ ਸਤਿਗੁਰਾਂ ਦੇ ਚਰਨਾਂ ਵਿੱਚ ਜੁੜਨ ਦੀ ਥਾਂ ਆਪਣੇ ਦੁਨਿਆਵੀਂ ਰਿਸ਼ਤਿਆਂ ਵਿੱਚ ਜੁੜਿਆ ਰਹਿੰਦਾ ਹੈ.........। ਇਸ ਤਰ੍ਹਾਂ ਕਰਨ ਨਾਲ ਇੱਕ ਤਾਂ ਗੁਰਬਾਣੀ ਦੀ ਸੁੱਚਮਤਾ ਅਤੇ ਉੱਚਤਾ ਦੇ ਖਿਲਾਫ ਗੁਰਬਾਣੀ ਰਾਹੀਂ ਆਪਣਾ ਮਤਲਬ ਕੱਢਣ ਦਾ ਗੁਨਾਹ ਹੋ ਜਾਂਦਾ ਹੈ ਅਤੇ ਦੂਜਾ ਜਿਸ ਅੰਮ੍ਰਿਤ ਬਾਣੀ ਵਿੱਚ ਲੀਨ ਹੋ ਕੇ ਅਸੀਂ ਆਪਣੇ ਪਿਆਰੇ .... ਅਤਿ ਸੁੰਦਰ.... ਅਪਰੰਪਾਰ ਵਾਹਿਗੁਰੂ ਦੇ ਰੰਗ ਵਿੱਚ ਰੰਗ ਹੋ ਕੇ ਉਸ ਨੂੰ ਚਰਨਾਂ ਵਿਚੋਂ ਭਗਤੀ ਦੇ ਭੰਡਾਰਾਂ ਦੀ ਦਾਤ ਪ੍ਰਾਪਤ ਕਰਕੇ ਆਪਣੀ ਅਵਸਥਾ ਨੂੰ ਉੱਚਿਆਂ ਕਰਨਾ ਹੈ ਉੱਥੇ ਅਸੀਂ ਮਾਮੂਲੀ ਦੁਨਿਆਵੀਂ ਬੰਦਿਆਂ ਨਾਲ ਜੁੜੇ ਰਹਿੰਦੇ ਹਾਂ.....। ਇਹਨਾਂ ਬੰਦਿਆਂ ਨਾਲ ਜੁੜ ਕੇ ਭਲਾ ਸਾਨੂੰ ਕੀ ਮਿਲ ਸਕਦਾ ਹੈ ? ਅੱਖੀਆਂ ਮੀਟੀ ਚੌਂਕੜੀ ਮਾਰ ਕੇ ਬਹੁਤ ਉੱਚੀ ਉੱਚੀ ਬੋਲ ਕੇ ਗੁਰਬਾਣੀ ਦਾ ਸ਼ਬਦ ਆਪਣੇ ਕਿਸੇ ਪਿਆਰੀ ਜਾਂ ਪਿਆਰੇ ਨੂੰ ਯਾਦ ਕਰਕੇ ਗਾਉਣਾ, "**ਘਰਿ ਆਪਣੇ ਖੜੀ ਤਕਾਂ ਮੈ ਮਨਿ ਚਾਉ ਘਨੇਰਾ ਰਾਮ**" ਨਿਰਾ ਪਖੰਡ ਹੈ। ਪਰ ਉਹ ਤਰ ਜਾਂਦੇ ਹਨ ਜਿਹੜੇ ਆਪਣੇ ਪਿਆਰੇ ਦੀਨ ਦੁਨੀਆਂ ਦੇ ਮਾਲਕ ਦਾ ਵਿਛੋੜਾ ਅਨੁਭਵ ਕਰਕੇ "**ਮੈ ਨੀਰ ਵਹੇ ਵਹਿ ਚਲੈ ਜੀਉ**" ਦੀ ਹਾਲਤ ਵਿਚ ਲਿਲ੍ਹਕੜੀਆਂ ਕੱਢਦੇ ਹੋਏ ਜੁਗਾਂ ਜੁਗਾਂਤਰਾਂ ਤੋਂ ਵਿਛੜੇ ਸੱਜਣ ਦੇ ਘਰ ਆਉਣ ਦੇ ਚਾਅ ਕਰਦੇ ਹੋਏ ਉਸਦੇ ਰਾਹਾਂ ਤੋਂ ਘੋਲ ਘੁਮਾਈ ਜਾਂਦੇ ਹੋਏ ਉਸਦਾ ਰਾਹ ਦੇਖਦੇ ਹਨ।

ਗੁਰਬਾਣੀ ਵਿਚ ਜਿੱਥੇ ਵੀ ਘਰ ਦੀ ਗਲ ਹੁੰਦੀ ਹੈ ਤਾਂ ਅਸੀ ਆਪਣਾਂ ਇੱਟਾਂ ਪੱਥਰਾਂ ਦੇ ਘਰ ਬਾਰੇ ਸੋਚ ਕੇ ਆਪਣੀ ਇੱਛਾ ਅਨੁਸਾਰ ਮਤਲਬ ਕੱਢਣ ਦੀ ਸੋਚ ਲੈਂਦੇ ਹਾਂ। ਕਾਸ਼! ਅਸੀਂ ਬਾਣੀ ਪੜ੍ਹਨਾ ਸਿੱਖ ਜਾਈਏ। ਦਸਾਂ ਗੁਰੂਆਂ ਦੀ ਜੋਤ ਸਰੂਪੀ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਪੜ੍ਹਦਿਆਂ ਗੁਰੂਆਂ ਦੇ ਦਰਸ਼ਨ ਕਰਨਾ ਸਿੱਖ ਜਾਈਏ। ਉਨ੍ਹਾਂ ਨੂੰ ਪਛਾਣੀਏ ਕਿ ਸਾਡੇ ਗੁਰੂ ਜੀ ਕਿਸ ਘਰ ਦੀ ਗੱਲ ਕਰਦੇ ਹਨ। ਕੀ ਇਹ ਘਰ ਸਾਡਾ ਸਰੀਰ ਹੈ ? ਜਾਂ ਫਿਰ ਪੂਰੀ ਕਾਇਨਾਤ ਜਿੱਥੇ ਮੇਰੇ ਸਤਿਗੁਰੂ ਦਾ ਵਾਸ ਹੈ। ਉਹ ਕਿਹੜਾ ਘਰ ਹੈ..... ਜਿਸ ਦੀ ਦਹਿਲੀਜ਼ ਉੱਤੇ ਖੜ੍ਹ ਕੇ ਮੈਂ ਆਪਣੇ ਪਿਆਰੇ ਨੂੰ ਆਵਾਜ਼ ਮਾਰਨੀ ਹੈ ? ਤੇ ਫਿਰ "**ਤੂ ਤੂ ਕਰਤਾ ਤੂ ਭਇਆ**" ਵਾਲੀ ਅਵਸਥਾ ਪ੍ਰਾਪਤ ਕਰਨੀ ਹੈ।

ਮੀਂਹ ਵਰ੍ਹਦਾ ਹੈ, ਅਸੀਂ ਮਲਾਰ ਰਾਗ ਦੇ ਸੁਰਾਂ ਵਿੱਚ "**ਝਿਮ ਝਿਮ ਵਰਸੈ ਅੰਮ੍ਰਿਤ ਧਾਰਾ**" ਗਾਉਣ ਲੱਗ ਪੈਂਦੇ ਹਾਂ। ਇਹ ਗੱਲ ਵਿਰਲੇ ਹੀ ਸੋਚਦੇ ਹਨ ਕਿ ਗੁਰੂ ਸਾਹਿਬਾਂ ਨੇ ਅੰਦਰਲੀ ਬਰਸਾਤ ਦੀ ਗੱਲ ਕੀਤੀ ਹੈ ਜਦੋਂ ਦਸਮ ਦੁਆਰ ਦੇ ਰਸ ਦੀ ਬਰਸਾਤ ਵਿੱਚ ਮਨੁੱਖੀ ਦੇਹ ਸਰਸ਼ਾਰ ਹੁੰਦੀ ਹੈ। ਉਹ ਇਲਾਹੀ ਕਣੀਆਂ ਦੀ ਫੁਹਾਰ ਜਰੂਰੀ ਨਹੀਂ ਕਿ ਬਰਸਾਤ ਰੁੱਤ ਵਿੱਚ ਹੀ ਹੋਵੇ, ਉਹ ਤਾਂ ਕਿਸੇ ਵੀ ਰੁੱਤ ਵਿੱਚ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਬਸੰਤ ਰੁੱਤ ਵਿੱਚ ਬਸੰਤ ਰਾਗ ਦੇ ਸੁਰਾਂ ਵਿੱਚ "**ਮਉਲੀ ਧਰਤ ਮਉਲਿਆ ਆਕਾਸ।**"

ਇਹ ਸ਼ਬਦ ਇਸ ਧਰਤੀ ਦੀ ਬਸੰਤ ਦਾ ਹੀ ਜ਼ਿਕਰ ਨਹੀਂ ਹੈ, ਇਹ ਤਾਂ ਸਾਡੀ ਅੰਦਰਲੀ ਬਸੰਤ ਦਾ ਹਵਾਲਾ ਹੈ ਜਦੋਂ ਨਾਮ ਖੁਮਾਰੀ ਦੀਆਂ ਪੀਘ੍ਹਾਂ ਝੂਟਦੀ ਸੁਰਤੀ ਹਰ ਪਾਸੇ ਖੇੜਾ, ਮਸਤੀ ਅਤੇ ਸੁੰਦਰਤਾ ਦੇਖਦੀ ਹੈ। ਇਹ ਸੁਰਤੀ ਦੀ ਬਸੰਤ ਵੀ ਸਿਰਫ ਬਸੰਤ ਰੁੱਤ ਵਿੱਚ ਹੀ ਨਹੀਂ ਆਉਂਦੀ ਸਗੋਂ ਕਿਸੇ ਵੀ ਸਮੇਂ ਆ ਸਕਦੀ ਹੈ। ਇਹ ਮਲਾਰ ਅਤੇ ਬਸੰਤ ਅਕਸਰ ਅੱਖੀਆਂ ਮੀਟ ਕੇ ਹੀ ਦੇਖੇ ਜਾਂਦੇ ਹਨ।

"**ਕਹੁ ਭੀਖਨ ਦੋਇ ਨੈਨ ਸੰਤੋਖੇ ਜਹ ਦੇਖਾ ਤਹ ਤੂੰ।**"

ਨੈਣਾਂ ਦੇ ਬੰਦ ਦਰਵਾਜ਼ਿਆਂ ਵਿੱਚ ਪਹਿਲਾਂ ਮਲਾਰ ਅਤੇ ਬਸੰਤ ਦੇ ਰੰਗ ਆਉਂਦੇ ਹਨ ਅਤੇ ਫਿਰ ਉਹ ਰੰਗੀ ਹੋਈ ਰੁੱਤ ਦੀ ਰੰਗੀ ਤੇ ਸਿੰਜੀ ਹੋਈ ਦਿਲ-ਧਰਤੀ ਉੱਤੇ ਆਪ ਆਉਂਦਾ ਹੈ।

*****

## ਬੱਚਿਆਂ ਦੇ ਧਿਆਨ ਯੋਗ

ਕਈ ਬੱਚੇ ਸਵਾਲਾਂ ਦੇ ਜਵਾਬ ਕਿਸੇ ਹੋਰ ਕੋਲੋਂ ਲਿਖਵਾ ਕੇ ਤੇ ਉਨ੍ਹਾਂ ਦੀ ਨਕਲ ਮਾਰ ਕੇ ਸਾਨੂੰ ਭੇਜ ਦਿੰਦੇ ਹਨ। ਅਜੇਹਾ ਕਰਨਾ ਠੀਕ ਨਹੀਂ। ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਆਪ ਹਿੰਮਤ ਕਰ ਕੇ ਸਵਾਲਾਂ ਦੇ ਜਵਾਬ ਲੱਭਣ ਅਤੇ ਆਪਣੀ ਅਕਲ ਅਨੁਸਾਰ ਜਵਾਬ ਲਿਖ ਕੇ ਭੇਜਣ।

ਸਵਾਲ-ਜਵਾਬ ਪੱਤਰ ਤੇ ਆਪਣੀ ਉਮਰ, ਕਿਸ ਜਮਾਤ ਅਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ, ਜ਼ਰੂਰ ਲਿਖਣ।

+2 ਤੱਕ ਪੜ੍ਹਦੇ ਬੱਚੇ ਸਵਾਲਾਂ ਦੇ ਜਵਾਬ ਭੇਜ ਸਕਦੇ ਹਨ।



www.AKJ.Org

# ਸਾਂਝੀਵਾਲਤਾ ਦਾ ਮਹਾਨ ਗ੍ਰੰਥ

(ਡਾ: ਕੁਲਦੀਪ ਸਿੰਘ ਹਉਰਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਧਾਰਮਕ-ਗ੍ਰੰਥ ਹੇ ਜਿਸ ਦੇ ਸੁਜਾਨ-ਸੰਪਾਦਕ ਨੇ ਜਾਤ-ਪਾਤ, ਬਰਾਦਰੀ ਤੇ ਕਬੀਲੇ ਅਤੇ ਸੰਪ੍ਰਦਾਈ ਭਾਵਾਂ ਦੇ ਤੰਗ ਘੇਰੇ ਨੂੰ ਤੋੜਿਆ ਹੈ। ਗੁਰੂ ਅਰਜਨ ਸਾਹਿਬ ਨੇ ਪ੍ਰਤਿਕੂਲ ਹਾਲਾਤ ਵਿੱਚ ਅਜਿਹਾ ਇਨਕਲਾਬੀ ਕਦਮ ਚੁੱਕ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਕਿ ਜਦੋਂ ਸਮਾਜ ਵਿੱਚ ਹਿੰਦੂ ਤੇ ਮੁਸਲਮਾਨ ਦੀ ਟੱਕਰ ਸੀ ਤੇ ਉਚੀਆਂ ਜਾਤੀਆਂ ਵਾਲੇ ਅਖੌਤੀ ਨੀਵੀਆਂ ਜਾਤੀਆਂ ਨੂੰ ਘ੍ਰਿਣਾ ਕਰਦੇ ਸਨ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸਾਰਿਆਂ ਨੂੰ ਇੱਕ ਥਾਂ ਤੇ ਇਕੱਠਾ ਕਰਕੇ ਬਿਠਾ ਦਿੱਤਾ। ਇਸੇ ਕਰਕੇ ਸਾਧੂ ਟੀ. ਐਲ. ਵਾਸਵਾਨੀ ਨੇ ਇਸ ਗ੍ਰੰਥ ਨੂੰ "ਸਾਂਝੀਵਾਲਤਾ ਦਾ ਮਹਾਨ ਗ੍ਰੰਥ" ਮੰਨਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਮਹਾਂ ਕਲਿਆਣਕਾਰੀ ਹੈ, ਕਿਉਂਕਿ ਇਸ ਵਿੱਚ ਦਰਸਾਇਆ ਗਿਆ ਸਦ-ਉਪਦੇਸ਼ ਮਨੁੱਖ-ਜਾਤੀ ਦੇ ਕਿਸੇ ਇੱਕ ਵਰਗ ਵਾਸਤੇ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਹੈ। ਬਾਣੀ ਵਿੱਚ ਕਿਸੇ ਇਕ ਵਰਗ ਦੇ ਹਿੱਤ ਨੂੰ ਮੁੱਖ ਰੱਖਕੇ ਕੋਈ ਕਰਮ-ਕਾਂਡ ਕਰਨ ਦਾ ਉਪਦੇਸ਼ ਨਹੀਂ, ਸਗੋਂ ਮਨੁੱਖੀ ਜੀਵਨ ਦੀ ਸਫਲ ਪੂਰਨਤਾ ਲਈ ਅਤਿ ਸੁਗਮ-ਮਾਰਗ ਦੱਸਿਆ ਗਿਆ ਹੈ।

ਇਸ ਮਹਾਨ ਗ੍ਰੰਥ ਵਿੱਚ ਕਿਸੇ ਵੀ ਦੇਵੀ ਦੇਵਤੇ ਨੂੰ ਪ੍ਰਭੂ ਨਹੀਂ ਮੰਨਿਆ ਗਿਆ ਸਗੋਂ ਗੁਰਬਾਣੀ ਦੇ ਰਚਨਹਾਰਿਆਂ ਨੇ ਕੇਵਲ ਸਤਿ-ਚਿਤ-ਆਨੰਦ ਸਰੂਪ ਬ੍ਰਹਮ ਨੂੰ ਹੀ ਜਗਤ ਦਾ ਮਾਲਕ ਦੱਸਿਆ ਹੈ ਤੇ ਉਸ ਦੇ ਸਰਬ ਕਲਾ ਸਮਰੱਥ ਹੋਣ ਕਾਰਨ ਉਸ ਦੇ ਸਿਮਰਨ ਤੇ ਉਪਾਸ਼ਨਾ ਦੀ ਪ੍ਰੇਰਨਾ ਹੈ। ਗੁਰੂ ਗ੍ਰੰਥ ਵਿੱਚ ਸਭ ਦੇਵੀ ਦੇਵਤੇ ਤੇ ਅਵਤਾਰ ਆਦਿ ਇਕ ਅਕਾਲ ਪੁਰਖ ਦੇ ਪੈਦਾ ਕੀਤੇ ਮੰਨੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ (ਸਿਵਾਏ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ) ਨੂੰ ਇਕਤ੍ਰ ਕਰਨ, ਤਰਤੀਬ ਦੇਣ, ਕੁਝ ਬਾਣੀਆਂ ਦੇ ਸਿਰਲੇਖ ਨਿਸਚਿਤ ਕਰਨ, ਵਾਰਾਂ ਨਾਲ ਸਲੋਕ ਜੋੜਨ ਅਤੇ ਸਾਰੀ ਬਾਣੀ ਨੂੰ ਸੰਗੀਤਕ ਇਕਸਾਰਤਾ ਦੇਣ, ਕੱਚੀ ਤੇ ਸੱਚੀ ਬਾਣੀ ਦਾ ਨਿਖੇੜਾ ਕਰਨ, ਭਗਤਾਂ ਆਦਿ ਦੀ ਬਾਣੀ ਨੂੰ ਗੁਰੂ-ਆਸ਼ੇ ਅਨੁਸਾਰ ਸਿਰਜਨ ਤੇ ਲੋੜੀਂਦੀਆਂ ਟਿੱਪਣੀਆਂ ਆਦਿ ਕਰਨ ਦਾ ਸਿਰਜਨਾਤਮਿਕ ਕਾਰਜ ਗੁਰੂ ਅਰਜਨ ਸਾਹਿਬ ਨੇ ਖੁੱਦ ਕੀਤਾ। ਅਜਿਹਾ ਕਰਕੇ ਆਪ ਨੇ ਇਕ ਸਫਲ ਸੰਪਾਦਕ ਹੋਣ ਦਾ ਸਬੂਤ ਦਿੱਤਾ।

ਇਹ ਮਹਾਨ ਗ੍ਰੰਥ, ਗੁਰੂ ਅਰਜਨ ਸਾਹਿਬ ਨੇ ਪਹਿਲੇ ਚਾਰ ਗੁਰੂਆਂ, ਭਗਤਾਂ, ਭੱਟਾਂ ਆਦਿ ਦੀ ਬਾਣੀ ਇਕੱਠੀ ਕਰਕੇ, ਰਾਮਸਰ ਸਰੋਵਰ ਦੇ ਕਿਨਾਰੇ ਭਾਈ ਗੁਰਦਾਸ ਜੀ ਤੋਂ ਲਿਖਵਾਉਣਾ ਸ਼ੁਰੂ ਕੀਤਾ। ਆਪਣੀ ਰਚਨਾ ਸ਼ਾਮਲ ਕਰਕੇ ਸੰਮਤ 1661 ਵਿੱਚ ਸਮਾਪਤ ਕੀਤਾ ਅਤੇ ਉਸੇ ਸਾਲ ਭਾਦੋਂ ਸੁਦੀ ਇੱਕ ਨੂੰ ਹਰਿਮੰਦਰ ਸਾਹਿਬ ਵਿਖੇ ਸਥਾਪਨ ਕਰਕੇ, ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪੇ ਜਾਣ ਦਾ ਮਾਣ ਬਖਸ਼ਿਆ।

ਗੁਰੂ ਅਰਜਨ ਸਾਹਿਬ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਕਾਫੀ ਵੱਧ ਚੁਕੀ ਸੀ। ਇਸ ਲਈ ਅਵਸ਼ਕ ਸੀ ਕਿ ਅੱਡ ਅੱਡ ਇਲਾਕਿਆਂ ਵਿੱਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਦੇ ਵਿਚਾਰਾਂ ਦੀ ਸਾਂਝ ਕਾਇਮ ਕੀਤੀ ਜਾਏ। ਇਹ ਕੰਮ ਤਾਂ ਹੀ ਹੋ ਸਕਦਾ ਸੀ ਜੇਕਰ ਉਹਨਾਂ ਦੀ ਮਾਤ-ਭਾਸ਼ਾ ਵਿੱਚ ਉਹਨਾਂ ਲਈ ਵਿਸ਼ੇਸ਼ ਧਰਮ ਗ੍ਰੰਥ ਹੋਵੇ, ਜਿਸ ਦੇ ਆਧਾਰ ਤੇ ਉਹ ਆਪਣੀ ਰਹਿਣੀ-ਬਹਿਣੀ ਨਿਸਚਿਤ ਕਰ ਸਕਣ। ਗੁਰੂ ਸਾਹਿਬ ਇਹ ਮਹਿਸੂਸ ਕਰਦੇ ਸਨ ਕਿ ਮਾਤ ਭਾਸ਼ਾ ਤੇ ਲਿੱਪੀ ਵਿੱਚ ਹੀ ਗ੍ਰੰਥ ਰਚਨਾ ਚਾਹੀਦਾ ਹੈ ਕਿਉਂਕਿ ਮਾਂ ਬੋਲੀ ਵਿੱਚ ਕਹੀ ਗੱਲ ਹਿਰਦੇ ਨੂੰ ਸਿੱਧੀ ਟੁੰਬਦੀ ਹੈ। ਸੰਸਕ੍ਰਿਤ ਜਾਂ ਅਰਬੀ ਏਥੋਂ ਦੇ ਲੋਕਾਂ ਦੀ ਬੋਲੀ ਨਹੀਂ ਸੀ। ਇਹਨਾਂ ਬੋਲੀਆਂ ਵਿੱਚ ਕੀਤੀ ਰਚਨਾ ਲੋਕਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਸੰਸਕ੍ਰਿਤ ਵਿੱਚ ਕੀਤੀ ਕੋਈ ਵੀ ਰਚਨਾ ਬ੍ਰਾਹਮਣਾਂ ਦੇ ਹੱਥ ਹੋਰ ਮਜ਼ਬੂਤ ਕਰਦੀ ਸੀ, ਜੋ ਪਹਿਲਾਂ ਹੀ ਬੋਲੀ ਦੇ ਗਿਆਨ ਦੀ ਅਜਾਰੇਦਾਰੀ ਆਪਣੇ ਹੱਥਾਂ ਵਿੱਚ ਰੱਖਕੇ ਬਾਕੀ ਜਾਤੀਆਂ ਨੂੰ ਗਿਆਨ ਦੇਣਾ ਧਰਮ ਦੇ ਵਿਰੁੱਧ ਸਮਝਦੇ ਸਨ।

ਇਸ ਸਮੇਂ ਤੱਕ ਬਾਣੀ ਕਾਫੀ ਮਾਤਰਾ ਵਿੱਚ ਰਚੀ ਜਾ ਚੁਕੀ ਸੀ। ਉਸ ਨੂੰ ਰਲੇ ਤੋਂ ਬਚਾਉਣ ਲਈ ਜਾਂ ਕੱਚੀ-ਬਾਣੀ ਪ੍ਰਚਲਤ ਹੋਣ ਤੋਂ ਰੋਕਣ ਲਈ ਇਹ ਆਵਸ਼ਕ ਸੀ ਕਿ ਸਾਰੀ ਬਾਣੀ ਇਕ ਥਾਂ ਤੇ ਇਕੱਤਰ ਕਰ ਦਿੱਤੀ ਜਾਵੇ। ਇੰਦੂ ਭੂਸ਼ਨ ਬੈਨਰਜੀ ਦੇ ਲਿਖੇ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਕਾਰਨ ਕਰਕੇ ਹੀ ਆਦਿ ਗ੍ਰੰਥ ਨੂੰ ਸੰਪਾਦਿਤ ਕਰਨ ਦਾ ਕਾਰਜ ਆਪ ਸੰਭਾਲਿਆ। ਇਹ ਬੜੀ ਦੀਰਘ ਵਿਚਾਰ ਦਾ ਸਿੱਟਾ ਸੀ ਅਤੇ ਇਸ ਕੰਮ ਦੀ



www.AKJ.Org

ਸੰਪੂਰਨਤਾ ਗੁਰੂ ਸਾਹਿਬ ਦੇ ਪ੍ਰਬੰਧਕੀ-ਖੇਤਰ ਵਿੱਚ ਕੀਤੇ ਕਾਰਜਾਂ ਦਾ ਸਿਖਰ ਸੀ। ਇਸ ਮਹਾਨ ਕਾਰਜ ਦੇ ਕਰਨ ਲਈ ਇਕਾਂਤ ਥਾਂ ਦੀ ਚੋਣ ਕੀਤੀ ਗਈ। ਅਸਥਾਨ ਦੀ ਸੁੰਦਰਤਾ ਨੂੰ ਆਕਰਸ਼ਿਤ ਬਣਾਉਣ ਲਈ ਸਰੋਵਰ ਬਣਵਾਇਆ ਗਿਆ, ਤੰਬੂ ਲਗਵਾਏ ਗਏ। ਕਾਗਜ਼, ਸਿਆਹੀ ਤੇ ਹੋਰ ਲਿਖਣ ਸਮੱਗਰੀ ਦਾ ਪ੍ਰਬੰਧ ਕੀਤਾ ਗਿਆ। ਗੁਰੂ ਸਾਹਿਬ ਨੇ ਲਿਖਵਾਉਣ ਤੋਂ ਪਹਿਲਾਂ ਸਾਰੀ ਬਾਣੀ ਨੂੰ ਰਾਗਾਂ ਤੇ ਹੋਰ ਢੰਗਾਂ ਨਾਲ ਤਰਤੀਬ ਦਿੱਤੀ, ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਤਰਤੀਬ ਨੂੰ ਗਹੁ ਨਾਲ ਵੇਖੀਏ ਤਾਂ ਗੁਰੂ ਸਾਹਿਬ ਨੇ ਰਲ-ਗੱਡ ਦੀ ਕੋਈ ਗੁੰਜਾਇਸ਼ ਰਹਿਣ ਹੀ ਨਹੀਂ ਦਿੱਤੀ। ਮਾਮੂਲੀ ਜਿਹੀ ਤਬਦੀਲੀ ਵੀ ਸ਼ਬਦਾਂ, ਸਲੋਕਾਂ, ਪਉੜੀਆਂ, ਅਸ਼ਟਪਦੀਆਂ, ਦੁਪਦੇ, ਚਉਪਦਿਆਂ ਆਦਿ ਦੇ ਅੰਤ ਤੇ ਦਿਤੇ ਅੰਕਾਂ ਵਿੱਚ ਫਰਕ ਪਾ ਸਕਦੀ ਹੈ। ਗੁਰੂ ਸਾਹਿਬ ਨੇ ਇਹ ਸਾਰਾ ਕਾਰਜ ਕਮਾਲ ਦੀ ਸਿਆਣਪ ਨਾਲ ਕੀਤਾ ਹੈ ਕਿ ਵੇਖ, ਸੁਣ, ਪੜ੍ਹ, ਵਿਚਾਰ ਕੇ ਆਪ ਜੀ ਦੀ ਕੋਸ਼ਿਸ਼ ਦੀ ਦਾਦ ਦਿੱਤੇ ਬਗੈਰ ਨਹੀਂ ਰਿਹਾ ਜਾ ਸਕਦਾ। ਆਪ ਨੇ ਬਤੌਰ ਸੰਪਾਦਕ ਦੇ ਇਕ ਨਿਹਾਇਤ ਸਫਲ ਸੰਪਾਦਕ ਵਾਲੇ ਫਰਜ਼ ਨਿਭਾਹੇ ਹਨ। ਸਾਰੀ ਬਾਣੀ ਨੂੰ ਰਾਗਾਂ ਤੇ ਹੋਰ ਹਰ ਪਖੋਂ ਤਰਤੀਬ ਦੇ ਲੈਣ ਪਿਛੋਂ ਗੁਰੂ ਸਾਹਿਬ ਲਿਖਵਾਂਦੇ ਗਏ ਤੇ ਭਾਈ ਗੁਰਦਾਸ ਜੀ ਲਿਖਦੇ ਗਏ। ਨਾਲ ਨਾਲ ਗੁਰੂ ਸਾਹਿਬ ਸੁਧਾਈ ਵੀ ਕਰਦੇ ਰਹੇ। ਇਸ ਗੱਲ ਦੀ ਗੁਆਹੀ ਵਾਰਾਂ ਤੋਂ ਪਿਛੋਂ 'ਸੁਧੁ' ਜਾਂ 'ਸੁਧੁ ਕੀਚੇ" ਲਿਖੇ ਤੋਂ ਮਿਲ ਜਾਂਦੀ ਹੈ। ਇਹ ਸਾਰਾ ਕਾਰਜ 1604 ਈਸਵੀ ਵਿੱਚ ਸਿਰੇ ਚੜ੍ਹ ਗਿਆ। ਉਪ੍ਰੰਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਾਬਾ ਬੁੱਢਾ ਜੀ ਨੇ ਬੜੇ ਸਤਿਕਾਰ ਨਾਲ ਸਿਰ ਉੱਤੇ ਚੁੱਕੀ ਰੱਖੀ, ਗੁਰੂ ਸਾਹਿਬ ਆਪ ਪਿੱਛੇ ਚੌਰ ਕਰਦੇ ਆਏ। ਬਾਣੀ ਦੇ ਸਤਿਕਾਰ ਵਜੋਂ ਸਭ ਸਿੱਖ ਸੰਗਤਾਂ ਨੰਗੇ ਪੈਰੀਂ ਚੱਲੀਆਂ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ ਹੀ ਪ੍ਰਮਾਣੀਕ ਗ੍ਰੰਥ ਮੰਨਣ ਤੇ ਇਸ ਬਾਣੀ ਉੱਤੇ ਵਿਸ਼ਵਾਸ਼ ਕਰਨ ਲਈ ਕਿਹਾ ਗਿਆ ਤੇ ਇਸ ਤੋਂ ਛੁੱਟ ਹੋਰ ਸਭ ਬਾਣੀਆਂ ਜੋ ਪ੍ਰਿਥੀ ਚੰਦ ਜੀ ਤੇ ਮਿਹਰਬਾਨ ਜੀ ਨੇ ਰਚੀਆਂ ਸਨ ਝੂਠੀਆਂ ਤੇ ਕੱਚੀਆਂ ਕਰਾਰ ਦੇ ਦਿੱਤੀਆਂ ਗਈਆਂ। ਇਹ ਬੜਾ ਇਨਕਲਾਬੀ ਕਾਰਜ ਸੀ ਜੋ ਗੁਰੂ ਸਾਹਿਬ ਨੇ ਕਰ ਵਿਖਾਇਆ। ਗੁਰੂ ਗ੍ਰੰਥ ਸਾਹਿਬ ਇਕ ਐਸਾ ਪ੍ਰਮਾਣੀਕ ਗ੍ਰੰਥ ਹੈ, ਜਿਸ ਵਿੱਚ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਜਾ-ਨਸ਼ੀਨਾਂ ਅਤੇ ਅਜਿਹੇ ਭਗਤਾਂ ਦੀ ਬਾਣੀ ਦਰਜ ਹੈ, ਜਿਨ੍ਹਾਂ ਦੇ ਵਿਚਾਰ ਗੁਰਮਤਿ ਨਾਲ ਮੇਲ ਖਾਂਦੇ ਹਨ। ਉਨ੍ਹਾਂ ਭਗਤਾਂ ਵਿੱਚ ਕਈ ਮੁਸਲਮਾਨ ਹਨ, ਕਈ ਹਿੰਦੂ ਅਤੇ ਕਈ ਅਖੌਤੀ ਨੀਵੀਆਂ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ।

ਗੁਰੂ ਅਰਜਨ ਸਾਹਿਬ ਦਾ ਸੰਪਾਦਿਤ ਕੀਤਾ ਇਹ ਮਹਾਨ ਗ੍ਰੰਥ ਕੇਵਲ ਅਕਾਰ ਦੇ ਪੱਖੋਂ ਹੀ ਨਹੀਂ, ਸਗੋਂ ਵਿਸ਼ੇ-ਵਸਤੂ ਪੱਖੋਂ ਵੀ ਇੱਕ ਅਦੁੱਤੀ ਗ੍ਰੰਥ ਹੈ, ਜਿਸ ਵਿੱਚ ਸਫਲ-ਜੀਵਨ ਵਿੱਚ ਜਿਊਣ ਦੀ ਜਾਂਚ ਦੱਸੀ ਗਈ ਹੈ। ਇਸ ਮਹਾਨ ਗ੍ਰੰਥ ਪ੍ਰਗਟਾਇਆ ਗਿਆ ਜੀਵਨ-ਦ੍ਰਿਸ਼ਟੀਕੋਣ ਨਾ ਜੋਗੀਆਂ ਵਾਂਗ ਨਿਰਾ ਅੰਤਰਮੁਖੀ ਹੈ, ਨਾ ਹੀ ਪਦਾਰਥਵਾਦੀਆਂ ਵਾਂਗ ਨਿਰਾ ਬਾਹਰਮੁਖੀ। ਇਸ ਵਿੱਚ ਤਾਂ ਸੱਚ ਨੂੰ ਸਮਝ ਕੇ ਸੱਚ ਨੂੰ ਅਪਨਾ ਕੇ "ਸਚਿਆਰ" ਬਣਨ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਗ੍ਰੰਥ ਤਾ ਵਿਸ਼ਾ ਮਨੁੱਖ ਦੀ ਸੋਚ ਦੀ ਭਾਲ ਵਿੱਚ ਸਹਾਇਤਾ ਕਰਨਾ ਅਤੇ ਨਾਮ ਜਪਣ ਵਾਲਿਆਂ ਦੀ ਮਹਿਮਾ ਕਰਨਾ ਹੈ। ਇਹ ਬਾਣੀ ਅਨੁਭਵੀ ਬਾਣੀ ਹੈ। ਗੁਰੂ ਸਾਹਿਬਾਨ ਦੇ ਉਪਦੇਸ਼ ਸਮਝਣ ਲਈ ਕਿਸੇ ਖਾਸ ਬਾਣੀ ਜਾਂ ਕੁੱਝ ਵਿਸ਼ੇਸ਼ ਸ਼ਬਦਾਂ ਦੀ ਨਹੀਂ, ਸਗੋਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦੀ ਲੋੜ ਹੈ। ਇਹ ਗ੍ਰੰਥ ਕਿਸੇ ਵਿਸ਼ੇਸ਼ ਜਾਤ-ਬਰਾਦਰੀ ਜਾਂ ਵਿਸ਼ੇਸ਼ ਇਲਾਕੇ ਦੇ ਲੋਕਾਂ ਵਾਸਤੇ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਭਲੇ ਲਈ ਹੈ। ਇਸ ਰਚਨਾ ਨਾਲ ਸਿੱਖਾਂ ਨੂੰ ਆਪਣਾ ਵਿਲੱਖਣ ਵਿਅਕਤਿਤਵ ਮਹਿਸੂਸ ਹੋਣ ਲੱਗ ਗਿਆ। ਹਿੰਦੂ ਕੇਵਲ ਵੇਦਾਂ, ਪੁਰਾਣਾਂ ਤੇ ਉਪਨਿਸ਼ਦਾਂ ਨੂੰ ਹੀ ਪਵਿੱਤ੍ਰ ਮੰਨਦੇ ਹਨ ਪਰ ਗੁਰੂ ਸਾਹਿਬਾਨ ਤੇ ਭਗਤਾਂ ਨੇ ਇਸ ਗੜ੍ਹ ਨੂੰ ਤੋੜ ਕੇ ਰੱਖ ਦਿੱਤਾ। ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਦੇਹ ਅਥਵਾ "ਸ਼ਬਦ-ਗੁਰੂ" ਸਮਝਿਆ ਜਾਂਦਾ ਹੈ।

ਮੈਕਾਲਿਫ ਨੇ ਇਸ ਮਹਾਨ ਗ੍ਰੰਥ ਦੀ ਮਹੱਤਤਾ ਬਾਰੇ ਲਿਖਿਆ ਹੈ "ਸੰਸਾਰ ਦੇ ਵੱਡੇ ਵੱਡੇ ਧਰਮਾਂ ਦੇ ਆਗੂਆਂ ਵਿਚੋਂ ਕਿਸੇ ਨੇ ਵੀ ਆਪਣੀ ਲਿਖਤੀ ਇੱਕ ਵੀ ਪੰਗਤੀ ਨਹੀਂ ਛੱਡੀ। ਜੋ ਕੁੱਝ ਉਹਨਾਂ ਪ੍ਰਚਾਰਿਆ, ਉਸ ਦਾ ਪਤਾ ਸਾਨੂੰ ਪ੍ਰਚਲਤ ਰਵਾਇਤਾਂ ਤੋਂ ਲੱਗਦਾ ਹੈ ਜਾਂ ਦੂਸਰੇ ਲੋਕਾਂ ਦੀਆਂ ਲਿਖਤਾਂ ਤੋਂ। ਕੇਵਲ ਗੁਰੂ ਗ੍ਰੰਥ ਸਾਹਿਬ ਹੀ ਇਕ ਐਸਾ ਧਰਮ ਗ੍ਰੰਥ ਹੈ, ਜਿਸ ਵਿੱਚ ਗੁਰੂ ਸਾਹਿਬਾਨ, ਭਗਤਾਂ ਤੇ ਭੱਟਾਂ ਦੀਆਂ ਮੌਲਿਕ ਰਚਨਾਵਾਂ ਬਿਨਾਂ ਮਿਲਾਵਟ ਅਤੇ ਅਸਲੀ ਰੂਪ ਵਿੱਚ ਸਾਂਭੀਆਂ ਪਈਆਂ ਹਨ।"

ਸਾਹਿਤਕ ਪਖੋਂ ਵੀ ਇਹ ਗ੍ਰੰਥ ਮਹਾਨ ਤੇ ਲਾਸਾਨੀ ਹੈ। ਸ੍ਰ: ਖੁਸ਼ਵੰਤ ਸਿੰਘ ਅਨੁਸਾਰ "ਪੰਜਾਬੀ ਸਾਹਿਤ ਦੀ ਇਹ ਸਭ ਤੋਂ ਮਹਾਨ ਰਚਨਾ ਹੈ। ਕਿਸੇ ਵੀ ਪੱਖ ਤੋਂ ਹੋਰ ਕੋਈ ਵੀ ਲਿਖਤ ਇਸ ਦਾ ਟਾਕਰਾ ਨਹੀਂ ਕਰ ਸਕਦੀ।" (ਚਲਦਾ)

*****



www.AKJ.Org

# ਇਕ ਹੋਰ ਖਤਰਾ........ਸਹਿਜਧਾਰੀ ਪ੍ਰਥਾ

(ਭਾਈ ਮਦਨ ਸਿੰਘ, ਯੂ. ਕੇ.)

ਸਿਖ ਧਰਮ ਦੀਆਂ ਸਟੇਜਾਂ ਤੋਂ ਗੁਰਮੁਖ, ਗੁਰਸਿਖ, ਪਤਿਤ ਤੇ ਸਹਿਜਧਾਰੀ ਸਬਦਾਂ ਦੀ ਵਰਤੋਂ ਗਾਹਿ ਬਗਾਹਿ ਸਾਡੇ ਕੰਨੀਂ ਪੈਂਦੀ ਰਹਿੰਦੀ ਹੈ। ਕਈ ਜਗ੍ਹਾ ਅੰਮ੍ਰਿਤਧਾਰੀ ਅਤੇ ਬੇਅੰਮ੍ਰਿਤਧਾਰੀ ਵਿਸ਼ਿਆਂ ਤੇ ਭਖਵੀਆਂ ਬਹਿਸਾਂ ਦੇ ਲੱਗੇ ਅਖਾੜੇ ਵੀ ਵੇਖਣ ਸੁਨਣ ਵਿੱਚ ਆਏ ਹਨ। ਭਾਰਤੀ ਬਟਵਾਰੇ ਤੋਂ ਪਹਿਲਾਂ ਘੱਟ ਵੱਧ ਇਹੋ ਜਿਹੇ ਮਸਲੇ ਛਿੜਦੇ ਸਨ। ਸ਼ਾਇਦ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਪੱਛਮੀ ਪੰਜਾਬ ਵਿੱਚ ਮੁਸਲਮਾਨਾਂ ਦੀ ਬਹੁਗਿਣਤੀ ਹੋਇਆ ਕਰਦੀ ਸੀ ਅਤੇ ਇਹ ਲੋਕ ਹਿੰਦੂਆਂ ਨੂੰ ਕਾਫਰ ਸਮਝ ਕੇ ਦੁਰਕਾਰਦੇ ਤੇ ਕਈ ਵੇਰਾਂ ਜਬਰ ਕਰਨ ਤੇ ਵੀ ਤੁੱਲ ਪੈਂਦੇ ਸਨ। ਜਬਰ ਦੇ ਟਾਕਰੇ ਲਈ ਸਿੱਖਾਂ ਦਾ ਵਿਸ਼ਵਾਸ਼ ਜਿੱਤਣ ਲਈ ਅਤੇ ਇਨ੍ਹਾਂ ਭੋਲੇ ਪਾਤਸ਼ਾਹਾਂ ਨੂੰ ਕੁਰਬਾਨੀ ਦਾ ਬੱਕਰਾ ਬਨਾਉਣ ਲਈ ਹਿੰਦੂਆਂ ਨੇ ਸਹਿਜਧਾਰੀ ਪ੍ਰਥਾ ਨੂੰ ਪਰਵਾਨਿਆ।

1947 ਦੇ ਫਸਾਦਾਂ ਵਿੱਚ ਜਿੰਨਾਂ ਸਿੱਖ ਕੌਮ ਦਾ ਮਾਲੀ ਤੇ ਜਾਨੀ ਨੁਕਸਾਨ ਹੋਇਆ, ਸ਼ਾਇਦ ਹੋਰ ਕਿਸੇ ਕੌਮ ਦਾ ਨਹੀਂ ਹੋਇਆ। ਗੁਰਧਾਮਾਂ ਤੋਂ ਵੀ ਵਿਛੋੜੇ ਗਏ। ਸਿੱਖ ਕੌਮ ਨੂੰ ਸਿਲਾ ਕੀ ਮਿਲਿਆ ? ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲਿਆਂ ਨੂੰ "ਜਰਾਇਮ ਪੇਸ਼ਾ ਕੌਮ ਤੇ ਸਮਾਂ ਬਦਲ ਗਿਆ ਹੈ।" ਕਹਿ ਕੇ ਟਾਲਿਆ ਗਿਆ।

<u>ਸਹਿਜਧਾਰੀ ਸਿੱਖ</u> :- ਭਾਈ ਕਾਨ੍ਹ ਸਿੰਘ ਜੀ ਦੇ ਮੁਤਾਬਿਕ ਸਹਿਜ ਦੇ ਅਰਥ ਹਨ-ਛਨੇ ਛਨੇ, ਹੌਲੀ ਹੌਲੀ ਤੇ ਸਿੱਖ ਦੇ ਅਰਥ ਕਰਦੇ ਹਨ ਚੇਲਾ, ਸ਼ਾਗਿਰਦ। (2) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸਨੇ ਸਤਿਗੁਰੂ ਨਾਨਕ ਦੇਵ ਜੀ ਦਾ ਧਰਮ ਧਾਰਣ ਕੀਤਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ। <u>ਸੋ ਸਹਿਜਧਾਰੀ ਸਿੱਖ ਦੇ ਅਰਥ ਹੋਇਆ ਹੌਲੇ ਹੌਲੇ ਵਿਅਕਤੀ ਦਾ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਲਈ ਤਿਆਰ ਹੋਣਾ।</u> ਗੁਰਮਤਿ ਮਾਰਤੰਡ ਭਾਗ ਪਹਿਲਾ ਸਫਾ 111 ਤੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ, "ਜਿਵੇਂ ਬੰਦਈ ਸਿੱਖਾਂ ਦੇ ਮੁਕਾਬਲੇ ਤੱਤ ਖਾਲਸਾ ਸ਼ਬਦ ਉਹਨਾ ਸਿੱਖਾਂ ਲਈ ਵਰਤਿਆ ਗਿਆ ਜੋ ਕੇਸ, ਕਿਰਪਾਨ, ਕੱਛ ਦੀ ਪੂਰੀ ਰਹਿਤ ਨਹੀਂ ਰੱਖਦੇ ਸਨ। ਬਾਕੀ ਸਾਰੇ ਨਿਯਮ ਸਿੱਖ ਧਰਮ ਦੇ ਦ੍ਰਿੜਤਾ ਨਾਲ ਧਾਰਣ ਕਰਦੇ ਸਨ।"

ਸਿੱਖਾਂ ਦਾ ਬਹੁਤਾ ਸਮਾਂ ਜੰਗਾਂ ਜੁੱਧਾਂ ਵਿੱਚ ਜੂਝਣ ਕਾਰਨ ਆਪਣੇ ਸੱਚੇ ਸੁੱਚੇ ਇਤਿਹਾਸ ਨੂੰ ਤਾਂ ਘੜਦੇ ਰਹੇ ਪ੍ਰੰਤੂ ਲਿਖ ਕੇ ਸੰਭਾਲਣ ਦਾ ਮੌਕਾ ਨਾ ਕੱਢ ਸਕੇ, ਜਿਸ ਕਰਕੇ ਸਮੇਂ ਸਮੇਂ ਅਣਸੁਖਾਵੀਆਂ ਸਿੱਖ ਰਹੁਰੀਤਾਂ ਬਾਰੇ ਚਰਚਾ ਛਿੜਦੀ ਰਹਿੰਦੀ ਹੈ।

1925 ਵਿੱਚ ਅਣਵੰਡੇ ਪੰਜਾਬ ਦੇ ਸਾਰੇ ਇਤਿਹਾਸਿਕ ਗੁਰਦੁਆਰੇ S.G.P.C. ਅੰਮ੍ਰਿਤਸਰ ਦੇ ਪ੍ਰਬੰਧ ਵਿੱਚ ਆ ਗਏ ਸਨ। ਕਾਨੂੰਨ ਮੁਤਾਬਿਕ ਵੋਟਾਂ ਰਾਹੀਂ ਪ੍ਰਬੰਧਕ ਕਮੇਟੀ ਦੀ ਚੋਣ ਲਾਜ਼ਮੀ ਹੋ ਗਈ, ਪਹਿਲੇ ਸਮਿਆਂ ਵਿੱਚ ਭੈ ਭਾਵਨੀ ਵਾਲੇ ਗੁਰਸਿੱਖ ਸੇਵਾ ਲਈ ਚੁਣੇ ਜਾਂਦੇ ਸਨ। ਪ੍ਰੰਤੂ S.G.P.C. ਅੰਮ੍ਰਿਤਸਰ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਆਸੀ ਅਖਾੜੇ ਬਣ ਕੇ ਰਹਿ ਗਈਆਂ ਹਨ। "ਇਲਤਿ ਕਾ ਨਾਉ ਚਉਧਰੀ," ਗੁਰਬਾਣੀ ਦੇ ਮਹਾਂਵਾਕ ਅਨੁਸਾਰ ਧੜੇਬਾਜ਼, ਆਚਰਣਹੀਣ ਤੇ ਗੁਰਮਤਿ ਸਿਧਾਤਾਂ ਤੋਂ ਅਣਜਾਣ ਮੈਂਬਰ ਚੁਣੇ ਜਾਣ ਲੱਗ ਪਏ ਹਨ। ਗੁਰੂ ਦੀ ਗੋਲਕ, ਬਣੀ ਬਣਾਈ ਗੁਰਦੁਆਰਾ ਸਟੇਜ ਤੇ ਨਾਲ ਲੱਗਦੇ ਮੁਫਤ ਲੰਗਰ ਦੀਆਂ ਸਹੂਲਤਾਂ ਤੇ ਹਰ ਸਿਆਸੀ ਪਾਰਟੀ ਦੀਆਂ ਨਜ਼ਰਾਂ ਲੱਗੀਆਂ ਰਹਿੰਦੀਆਂ ਹਨ। ਸਿੱਖੀ ਨੂੰ ਖੋਰਾ ਲਾਉਣ ਵਾਲੀਆਂ ਤਾਕਤਾਂ ਵੀ ਸਰਗਰਮ ਹਨ। ਇਨ੍ਹਾਂ ਅਨਮਤੀ, ਸਭਾ ਸੋਸਾਇਟੀਆਂ ਨੇ ਸਹਿਜਧਾਰੀ ਸਿੱਖਾਂ ਦਾ ਸਟੰਟ ਖੜ੍ਹਾ ਕਰਕੇ ਭਗਤੀ ਤੇ ਸ਼ਕਤੀ ਦੇ ਸੋਮੇ ਗੁਰਦੁਆਰਿਆਂ ਤੇ ਕਬਜ਼ਾ ਕਰਨ ਦਾ ਨਿਸਚਾ ਧਾਰ ਲਿਆ ਜਾਪਦਾ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਅਨੁਸਾਰ "IT IS SAID & NOT WITHOUT TRUTH THAT HINDUISM KILLED BUDHISM BY TAKING INTO A FRATERNAL EMBRACEMENT"

ਭਾਵ ਕਿ "ਹਿੰਦੂ ਧਰਮ ਨੇ ਭਰਾ ਵਾਲੀ ਗਲਵੱਕੜੀ ਵਿਚ ਬੁਧਮੱਤ ਦਾ ਗਲਾ ਘੁੱਟ ਦਿੱਤਾ।" ਉਹੋ ਹੀ ਫਾਰਮੂਲਾ ਸਿੱਖ ਧਰਮ ਨੂੰ ਖਤਮ ਕਰਨ ਲਈ ਕੀਤਾ ਜਾ ਰਿਹਾ ਜਾਪਦਾ ਹੈ। ਨਰਕਧਾਰੀਆਂ, ਰਾਧਾਸੁਆਮੀਆਂ ਤੇ ਪਾਖੰਡੀ ਗੁਰੂਡੰਮ ਦੀ ਡਫਲੀ ਵਜਾਉਣ ਵਾਲੀਆਂ ਏਜੰਸੀਆਂ ਪਹਿਲੋਂ ਹੀ ਸਿੱਖੀ ਨੂੰ ਖੋਰਾ ਲਾਉਣ ਲਈ ਮੈਦਾਨ ਵਿੱਚ ਕਾਫੀ ਸਮੇਂ ਤੋਂ ਆਪਣੀ ਕੁਟਿਲਤਾਂ ਦਾ ਵਿਖਾਵਾ ਕਰ ਰਹੀਆਂ ਹਨ। ਗੁਰੂ ਖਾਲਸੇ ਨੂੰ ਸੁਚੇਤ ਰਹਿਣ ਦੀ ਲੋੜ ਹੈ। ਬੇਹੱਦ ਅਫਸੋਸ ਦੀ ਗੱਲ ਹੈ ਸਾਡੀਆਂ ਧਾਰਮਿਕ ਸੋਸਾਇਟੀਆਂ ਸਿੱਖੀ ਪ੍ਰਚਾਰ ਦਾ ਦਾਹਵਾ ਕਰਦੀਆਂ ਨਹੀਂ ਥਕਦੀਆਂ। ਮਤੇ ਪਾਸ ਕਰਨ ਵਿੱਚ ਵੀ ਅਗਲੀ ਕਤਾਰ ਵਿੱਚ ਰਹਿੰਦੀਆਂ ਹਨ ਪ੍ਰੰਤੂ ਇਹਨਾਂ ਤੇ ਅਮਲ ਕਰਨ ਦੇ ਸਮੇਂ ਪਤਾ ਨਹੀਂ ਇਹਨਾਂ ਨੂੰ ਕੀ ਸੱਪ ਸੁੰਘ ਜਾਂਦਾ ਹੈ।



www.AKJ.Org

S.G.P.C. ਅੰਮ੍ਰਿਤਸਰ ਨੇ ਸਹਿਜਧਾਰੀ ਪ੍ਰਥਾ ਬਾਰੇ ਮਿਤੀ 31.3.1973 ਨੂੰ ਇੱਕ ਮਤਾ ਪਾਸ ਕੀਤਾ ਸੀ ਜਿਸਦੀ ਨਕਲ ਹੇਠਾਂ ਦਰਜ ਹੈ:-

"ਪ੍ਰਧਾਨ ਸਾਹਿਬ ਦੀ ਆਗਿਆ ਤੇ ਹਾਉਸ ਦੀ ਸੰਮਤੀ ਨਾਲ ਸਰਦਾਰ ਬਲਦੇਵ ਸਿੰਘ ਜੀ ਮਾਹਲਪੁਰੀ ਨੇ ਇਸ ਸੰਬੰਧ ਵਿਚ ਲਿਖਿਆ ਮਤਾ ਪੇਸ਼ ਕੀਤਾ :-

ਸਾਲ 1925 ਸਿੱਖ ਗੁਰਦੁਆਰਾ ਐਕਟ ਬਨਣ ਵੇਲੇ ਸਮੁੱਚੇ ਪੰਜਾਬ ਦੇ ਕੁੱਝ ਜਿਲਿਆਂ ਵਿੱਚ ਸਹਿਜਧਾਰੀ ਸਿੱਖ ਹੁੰਦੇ ਸਨ ਜੋ ਸਿੱਖ ਗੁਰਦੁਆਰਾ ਐਕਟ ਦੀ ਤਾਰੀਫ (ਪ੍ਰੀਭਾਸ਼ਾ) ਉੱਤੇ ਪੂਰੇ ਉਤਰਦੇ ਸਨ। ਪ੍ਰੰਤੂ ਬਟਵਾਰੇ ਤੋਂ ਉਪ੍ਰੰਤ ਗਿਣਤੀ ਦੇ ਕੁੱਝ ਕੁ ਸਹਿਜਧਾਰੀਆਂ ਤੋਂ ਬਿਨਾਂ ਇਹ ਸੰਪ੍ਰਦਾਇ ਖਤਮ ਹੋ ਚੁੱਕੀ ਹੈ। ਇਨ੍ਹਾਂ ਸਹਿਜਧਾਰੀਆਂ ਵਿਚੋਂ ਕੁੱਝ ਤਾਂ ਸਿੰਘ ਸਜ ਗਏ ਹਨ ਤੇ ਕੁਝ ਹਿੰਦੂ ਸਭਿਆਚਾਰ ਦਾ ਹਿੱਸਾ ਬਣ ਗਏ ਹਨ। ਪਰ ਗੁਰਦੁਆਰਾ ਚੋਣ ਲਈ ਨਵੀਆਂ ਬਣ ਰਹੀਆਂ ਵੋਟਰ ਲਿਸਟਾਂ ਵਿੱਚ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਗੈਰ ਸਿੱਖਾਂ ਨੂੰ ਸਹਿਜਧਾਰੀ ਨਾਮ ਥੱਲੇ ਗਲਤ ਤੌਰ ਤੇ ਗੁਰਦੁਆਰਾ ਚੋਣਾਂ ਲਈ ਵੋਟਰ ਬਣਾਇਆ ਜਾ ਰਿਹਾ ਹੈ। ਇਸ ਲਈ S. G. P. C. ਦਾ ਇਹ ਜਨਰਲ ਸਮਾਗਮ ਪ੍ਰਵਾਨ ਕਰਦਾ ਹੈ ਕਿ ਸਿੱਖ ਗੁਰਦੁਆਰਾ ਐਕਟ ਵਿੱਚ ਇਹੋ ਜਿਹੀਆਂ ਤਰਮੀਮਾਂ ਨਾਲ ਛੇਤੀ ਤੋਂ ਛੇਤੀ ਵਿਧਾਨ ਸਭਾ ਵਿੱਚ ਪਾਸ ਕਰਵਾ ਕੇ ਕਾਨੂੰਨ ਦੀ ਸ਼ਕਲ ਦਿੱਤੀ ਜਾਵੇ ਤੇ ਆਉਣ ਵਾਲੀਆਂ ਚੋਣਾਂ ਵਿੱਚ ਇਸਦੀ ਵਰਤੋਂ ਕੀਤੀ ਜਾਵੇ। ਸਰਦਾਰ ਅਜੈਬ ਸਿੰਘ ਦੇ ਤਾਈਦ ਕਰਨ ਤੇ ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਭਾਰਤੀ ਸਰਕਾਰ ਪਾਸੋਂ ਸਿੱਖੀ ਦੀ ਰਾਖੀ ਲਈ ਆਸ ਰੱਖਣੀ ਆਪਣੇ ਆਪ ਨੂੰ ਧੋਖਾ ਦੇਣਾ ਹੈ ਜਾਂ ਇਉਂ ਆਖੋ ਬਿੱਲੀ ਦੇ ਡਰ ਕਾਰਨ ਕਬੂਤਰ ਵਾਂਗੂੰ ਅੱਖਾਂ ਮੀਟਣ ਵਾਲੀ ਗੱਲ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਮਤੇ ਪਾਸ ਕਰਨ ਵਾਲੇ ਆਪ ਹੀ ਇਹਨਾਂ ਮਤਿਆਂ ਦੀਆਂ ਧੱਜੀਆਂ ਉਡਾਉਣ ਤੇ ਲੱਗੇ ਹੋਏ ਹਨ। ਪਹਿਲਾ ਵਿਸ਼ਵ ਸਿੱਖ ਸੰਮੇਲਨ ਜਿਹੜਾ ਕਿ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਹੋਣਾ ਨੀਯਤ ਹੋਇਆ ਸੀ ਕਿਸੇ ਕਾਰਨ ਨਾ ਹੋ ਸਕਿਆ। ਪ੍ਰੰਤੂ ਹੁਣ ਸਤੰਬਰ 1995 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਕਰਾਉਣ ਦਾ ਫੈਸਲਾ ਕੀਤਾ ਹੈ। ਇਨਵੀਟੇਸ਼ਨ ਪੱਤਰ ਜਿਹੜਾ ਕਿ ਦਾਸ ਨੂੰ ਮਨਜੀਤ ਸਿੰਘ ਕਲਕੱਤਾ, ਸੈਕਟਰੀ S. G. P. C. ਵਲੋਂ ਹਾਜ਼ਰੀ ਭਰਨ ਲਈ ਮਿਲਿਆ ਹੈ, ਵਿੱਚ ਕਿਸੇ ਅਜੰਡੇ ਦਾ ਜ਼ਿਕਰ ਨਹੀਂ, ਹੋ ਸਕਦਾ ਹੈ ਅਜੰਡਾ ਪਹਿਲਾਂ ਵਾਲਾ ਹੀ ਹੋਵੇ। ਪਹਿਲੇ ਸਹਿਜਧਾਰੀ ਸਮਾਗਮ ਦਾ ਕਨਵੀਨਰ ਸ਼ਿਰੀ ਲਛਮਣ ਸੁਗਾ ਚੇਲਾ ਰਾਮ ਸਿੰਧੀ ਨੂੰ ਥਾਪਿਆ ਗਿਆ ਸੀ। ਸ਼ਾਇਦ ਹੁਣ ਵੀ ਇਹ ਸੱਜਨ ਇਸੇ ਪਦਵੀ ਤੇ ਬਿਰਾਜਮਾਨ ਹੋਣ। ਇਸ ਸੰਪਰਦਾਇ ਦੇ ਲੋਕ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਹਿਜਧਾਰੀ ਸਿੱਖ ਅਖਵਾਉਂਦੇ ਹਨ। ਇਹਨਾਂ ਅਖੌਤੀ ਸਹਿਜਧਾਰੀਆਂ ਦਾ ਇੱਕ ਡੇਰਾ ਪੂਸਾ ਰੋਡ ਨਵੀਂ ਦਿੱਲੀ ਵਿੱਚ ਹੈ। 1984 ਵਿੱਚ ਦਿੱਲੀ ਵਿਖੇ ਅਤੇ ਮੁਲਕ ਦੇ ਹੋਰ ਹਿੱਸਿਆ ਵਿੱਚ ਇੱਕ ਗਿਣੀ ਮਿੱਥੀ ਸਕੀਮ ਮੁਤਾਬਿਕ ਸਿੱਖਾਂ ਦੇ ਕਤਲਿਆਮ ਤੋਂ ਬਾਅਦ ਇਹਨਾਂ ਨੇ ਆਪਣੇ ਪੂਜਾ ਅਸਥਾਨ ਤੇ ਲੱਗੇ ਬੋਰਡ ਤੇ ਉਕਰਿਆ ਹੋਇਆ "ਨਿਜ ਥਾਵ ਗੁਰਦੁਆਰਾ" ਉਤਰਵਾ ਕੇ "ਨਿਜ ਥਾਵ ਮੰਦਰ" ਦਾ ਬੋਰਡ ਲਗਵਾ ਦਿੱਤਾ ਸੀ ਜਿਹੜਾ ਹੁਣ ਵੀ ਲੱਗਿਆ ਹੋਇਆ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਤੋਂ ਛੁਟ ਸ੍ਰੀ ਰਾਮਚੰਦਰ ਤੇ ਸ੍ਰੀ ਕ੍ਰਿਸ਼ਨ ਜੀ ਦੀ ਪੂਜਾ ਹੁੰਦੀ ਹੈ ਅਤੇ ਇਹਨਾਂ ਦੀਆਂ ਮੂਰਤਾਂ ਆਦਿ ਰੱਖੀਆਂ ਹੋਈਆਂ ਹਨ। ਗੁਰੂ ਨਾਨਕ ਪਾਤਸ਼ਾਹ ਦਾ ਅਵਤਾਰ ਪੁਰਬ ਜ਼ਰੂਰ ਮਨਾਉਂਦੇ ਹਨ। ਪ੍ਰੰਤੂ ਜਨਮ ਅਸ਼ਟਮੀ ਤੇ ਰਾਮਨੌਮੀ ਆਦਿ ਹਿੰਦੂ ਤਿਓਹਾਰ ਵੀ ਧੂਮਧਾਮ ਨਾਲ ਮੰਨਾਉਂਦੇ ਹਨ। ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ਵਿੱਚ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਵਿੱਚ ਮੂਰਤੀ ਪੂਜਾ ਅਤੇ ਬਿਪਰਨ ਰੀਤਾਂ ਕਰਨ ਦੀ ਮਨਾਹੀ ਹੈ। ਪਰ ਇਸ ਅਸਥਾਨ ਤੇ ਇਹ ਸਭ ਕੁੱਝ ਹੋ ਰਿਹਾ ਹੈ। ਸਾਡੇ S.G.P.C. ਅਤੇ ਅਕਾਲ ਤਖਤ ਦੇ ਜਥੇਦਾਰ ਸਾਹਿਬ ਇਨ੍ਹਾਂ ਦੇ ਮੁਖੀ ਨੂੰ ਸਿੱਖ ਵਿਸ਼ਵ ਸੰਮੇਲਨ ਵਿੱਚ ਸਹਿਜਧਾਰੀ ਸਮਾਗਮ ਦਾ ਕਨਵੀਨਰ ਥਾਪ ਰਹੇ ਹਨ। ਕਿੱਡਾ ਵੱਡਾ ਮਖੌਲ ਸਾਡੇ ਇਹ ਧਾਰਮਿਕ ਲੀਡਰ ਸਿੱਖ ਕੌਮ ਨਾਲ ਕਰ ਰਹੇ ਹਨ ?

ਇਸੇ ਤਰ੍ਹਾ ਇੱਕ ਬੀਬੀ ਸਲੋਚਨਾਂ ਖਾਲਸਾ ਹੈ। ਜੋ ਬਹੁਤ ਸੋਹਣਾ ਅਨੰਦਮਈ ਕੀਰਤਨ ਕਰਦੀ ਹੈ। ਪ੍ਰੰਤੂ ਅੰਮ੍ਰਿਤ ਛਕਣ ਤੋਂ ਦੂਰ ਭੱਜਦੀ ਹੈ। ਇਹ ਬੀਬੀ ਸਿੱਖ ਗੁਰਦੁਆਰਿਆਂ ਵਿੱਚ ਵੀ ਕੀਰਤਨ ਕਰਨ ਦਾ ਪ੍ਰਪੰਚ ਕਰਦੀ ਫਿਰਦੀ ਹੈ ਅਤੇ ਸਾਡੇ ਜਥੇਦਾਰ ਵਾਹ ਵਾਹ ਕਰਦੇ ਨਹੀਂ ਥੱਕਦੇ। ਜਣਾ ਖਣਾ ਖਾਲਸਾ ਬਣਿਆ ਹੋਇਆ ਹੈ। ਗੁਰੂ ਸੁਮੱਤਿ ਬਖਸ਼ੇ। ਕਿਸੇ ਨੇ ਠੀਕ ਹੀ ਆਖਿਆ ਹੈ, ਜੇਕਰ ਸਹਿਜਧਾਰੀ ਮੁਸਲਮਾਨ ਨਹੀਂ ਹੁੰਦਾ, ਸਹਿਜਧਾਰੀ ਈਸਾਈ ਨਹੀਂ ਹੁੰਦਾ, ਇਥੋਂ ਤੱਕ ਸਹਿਜਧਾਰੀ ਹਿੰਦੂ ਵੀ ਨਹੀਂ ਹੁੰਦਾ ਤਾਂ ਸਿੱਖ ਸਹਿਜਧਾਰੀ ਕਿਉਂ ? ਸਹਿਜਧਾਰੀ ਪ੍ਰਥਾ ਚਤੁਰ ਦਿਮਾਗ ਦੀ ਉਪਜ ਹੈ ਅਤੇ ਸਿੱਖ ਧਰਮ ਲਈ ਮਿੱਠਾ ਮਹੁਰਾ।

ਮੇਰੀ ਪੰਥਕ ਹਿਤੈਸ਼ੀਆਂ ਪਾਸ ਸਨਿਮਰ ਬਿਨੇ ਹੈ ਕਿ ਇਸ ਵੱਧ ਰਹੀ ਅਮਰ ਵੇਲ ਦੀਆਂ ਜੜ੍ਹਾਂ ਕੱਟਣੀਆਂ ਹੀ ਸਮੇਂ ਦੀ ਪੁਕਾਰ ਹੈ। ਇਹ ਸਿੱਖ ਪੰਥ ਦੀ ਮਹਾਨ ਸੇਵਾ ਹੋਵੇਗੀ।

*****



www.AKJ.Org

# ਖਾਜੁ ਹੋਇਆ ਮੁਰਦਾਰ ਗੁਸਾਈ

(ਸੂਬੇਦਾਰ ਧਰਮ ਸਿੰਘ ਸੁੱਜੋਂ (ਯੂ. ਕੇ.)

**ਨਾਮ ਕੇ ਧਾਰੇ ਸਗਲੇ ਜੰਤ।। ਨਾਮ ਕੇ ਧਾਰੇ ਖੰਡ ਬ੍ਰਹਮੰਡ।।**
(ਸੁਖਮਨੀ ਸਾਹਿਬ)

ਗੁਰਮਤਿ ਅਨੁਸਾਰ ਸੰਸਾਰ ਦੀ ਰਚਨਾ, ਸਮੇਤ ਹਰ ਪਰਕਾਰ ਦੇ ਜੀਵ -ਜੰਤੂਆਂ ਦੇ 'ਨਾਮ' ਸ਼ਕਤੀ Energy ਤੋਂ ਹੋਈ ਹੈ। ਬਰਫ ਦੀ ਰਚਨਾ ਪਾਣੀ ਤੋਂ ਹੁੰਦੀ ਹੈ, ਇਸ ਲਈ ਇਸਦੇ ਹਰ ਟੁਕੜੇ ਵਿੱਚ, ਆਦ੍ਰਿਸ਼ਟ ਰੂਪ ਵਿੱਚ ਪਾਣੀ ਹੀ ਮੌਜੂਦ ਹੁੰਦਾ ਹੈ। ਪਾਣੀ ਦੀ ਰਚਨਾ 'ਨਾਮ' ਤੋਂ ਹੁੰਦੀ ਹੈ ਇਸ ਲਈ ਹਰ ਇੱਕ ਪਾਣੀ ਅੰਦਰ ਨਾਮ ਸ਼ਕਤੀ, ਗੁਪਤ ਹਾਲਤ ਵਿਚ ਮੌਜੂਦ ਹੁੰਦੀ ਹੈ-"**ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰ ਦੀਆ ਦਿਖਾਈ।**" (ਪੰਨਾ ੪੨੫) ਅੰਮ੍ਰਿਤ ਸੰਚਾਰ ਸਮਾਗਮ ਵੇਲੇ, ਗੁਰੂ ਨਾਨਕ ਦੇਵ ਜੀ ਦੀ ਜੋਤਿ ਪੰਜਾਂ ਪਿਆਰਿਆਂ ਵਿੱਚ ਵਿਚਰਦੀ ਹੋਈ, ਅੰਮ੍ਰਿਤ-ਅਭਿਲਾਖੀ ਸੱਜਨਾਂ ਅੰਦਰ, ਗੁਪਤ ਹਾਲਤ ਵਿੱਚ ਮੌਜੂਦ ਨਾਮ ਸ਼ਕਤੀ ਨੂੰ ਪਰਗਟ ਕਰਦੀ ਹੈ ਜਿਸ ਤੋਂ ਅੱਗੇ ਗੁਰਮਤਿ ਪਾਂਧੀ ਦਾ ਸਫਰ ਆਰੰਭ ਹੁੰਦਾ ਹੈ, "**ਦਸਵੈ ਦੁਆਰਿ ਕੁੰਜੀ ਜਬ ਦੀਜੈ।। ਤਉ ਦਇਆਲ ਕੋ ਦਰਸਨੁ ਕੀਜੈ** (ਪੰਨਾ ੩੪੧) ਦੀ ਮੰਜ਼ਲ ਤੇ ਪਹੁੰਚ, ਇਹ ਸਫਰ ਪੂਰਾ ਹੁੰਦਾ ਹੈ।

ਇਸ ਸਫ਼ਰ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ, ਅੰਮ੍ਰਿਤ-ਪਾਨ ਕਰਨ ਸਮੇਂ ਚਾਰ ਬੱਜਰ ਕੁਰੇਹਤਾ ਤੋਂ ਸਾਵਧਾਨ ਰਹਿਣ ਲਈ ਹਦਾਇਤ ਕੀਤੀ ਜਾਂਦੀ ਹੈ। ਇਨ੍ਹਾਂ ਬੱਜਰ ਕੁਰੇਹਤਾ ਵਿਚੋਂ ਕੋਈ ਇੱਕ ਭੀ ਕੁਰੇਹਤ ਹੋ ਜਾਏ ਤਾਂ ਪਰਗਟ ਹੋਇਆ ਨਾਮ, ਮੁੜ ਗੁਪਤ ਹਾਲਤ ਵਿੱਚ ਚਲਾ ਜਾਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਗੁਰਮਤਿ ਪਾਂਧੀ ਦਾ ਸਫਰ ਰੁਕ ਜਾਂਦਾ ਹੈ-"**ਤਉ ਦਇਆਲ ਕੋ ਦਰਸਨੁ ਕੀਜੈ ਦੀ ਮੰਜਲ. ਹਨੂਜ ਦੇਹਲੀ ਦੂਰ ਅਸਤ**" (ਹਾਲੇ ਦੇਹਲੀ ਦੂਰ ਹੈ) ਬਣ ਕੇ ਰਹਿ ਜਾਂਦੀ ਹੈ। ਇਨ੍ਹਾਂ ਕੁਰੇਹਤਾ ਵਿਚੋਂ ਇੱਕ ਕਰੇਹਤ ਹੈ 'ਕੁੱਠਾ' ਤੋਂ ਪਰਹੇਜ ਕਰਨਾ। ਕੁੱਠਾ ਦਾ ਅਰਥ, ਕੁਹਕੇ, ਜਾਂ ਬੇ-ਰੈਹਮੀ ਨਾਲ ਕਤਲ ਕਰਕੇ ਹਾਸਲ ਕੀਤੇ ਹੋਏ ਮਾਸ ਤੋਂ ਹੈ। ਸਾਡੇ ਕੁੱਝ ਸੱਜਨ ਕੁੱਠਾ ਦਾ ਅਰਥ ਮੁਸਲਮਾਨੀ ਤਰੀਕੇ ਨਾਲ ਜਿਬਾਹ ਕੀਤੇ ਹੋਏ ਮਾਸ ਤੋਂ ਲੈਂਦੇ ਹਨ, ਉਹ ਸ਼ਾਇਦ ਇਸ ਕਰਕੇ ਕਿ ਕਸਾਈ ਜਾਨਵਰ ਦੇ ਗਲੇ ਤੇ ਛੁਰੀ ਆਹਿਸਤਾ ਆਹਿਸਤਾ ਫੇਰ ਕੇ ਉਸ ਨੂੰ ਕਤਲ ਕਰਦਾ ਹੈ। ਇਸ ਲਈ ਬੇ-ਰੈਹਮੀ ਨਾਲ ਕੀਤਾ ਕਤਲ ਕੁੱਠਾ ਹੈ। ਜੇ ਅਸੀਂ ਬੇ-ਰੈਹਮੀ ਦਾ ਅਰਥ, ਦੇਰ ਤੱਕ ਤੜਫਾ ਕੇ ਮਾਰਨੇ ਤੋਂ ਲਈਏ ਤਾਂ ਪਾਣੀ ਵਿਚੋਂ ਨਿਕਲੀ ਮੱਛੀ ਤੇ ਸ਼ਿਕਾਰੀ ਦੀ ਗੋਲੀ ਨਾਲ ਫੱਟੜ ਹੋਇਆ ਜਾਨਵਰ ਸ਼ਾਇਦ ਕਸਾਈ ਦੇ ਕਤਲ ਕੀਤੇ ਜਾਨਵਰ ਤੋਂ ਭੀ ਵੱਧ ਦੇਰ ਤੱਕ ਤੜਫਦੇ ਹਨ। ਇਸ ਲਈ ਮੱਛੀ ਤੇ ਸ਼ਿਕਾਰ ਨੂੰ ਕਿਵੇਂ ਜਾਇਜ ਠੇਹਰਾਇਆ ਜਾ ਸਕਦਾ ਹੈ?

'ਸੰਤ ਸਿਪਾਹੀ' ਦੇ ਮਈ 95 ਦੇ ਅੰਕ ਵਿੱਚ ਭਾਈ ਗੁਰਦਾਸ ਜੀ ਦੀ ਇਕ ਵਾਰ 23/12 ਦਾ ਹਵਾਲਾ ਦੇ ਕੇ, ਮਾਸ ਖਾਣ ਨੂੰ ਜਾਇਜ ਕਰਾਰ ਦਿੱਤਾ ਗਿਆ ਹੈ। ਇਸ ਵਾਰ ਦੇ ਆਰੰਭ ਵਿੱਚ ਸਾਫ ਲਿਖਿਆ ਗਿਆ ਹੈ ਕਿ ਸ਼ੇਰ ਦੇ ਮਾਸ ਨੂੰ 'ਅਖਾਜ' (ਨਾ ਖਾਣ ਦੇ ਕਾਬਲ) ਇਸ ਲਈ ਆਖਿਆ ਹੈ ਕਿਉਂਕਿ ਸ਼ੇਰ ਇੱਕ ਬਲਵਾਨ ਜਾਨਵਰ ਹੈ। ਇਸ ਦੇ ਸ਼ਿਕਾਰ ਵੇਲੇ, ਸ਼ਿਕਾਰੀ ਦਾ ਖੁਦ, ਸ਼ੇਰ ਦਾ ਸ਼ਿਕਾਰ ਬਣ ਜਾਣ ਦਾ ਖਤਰਾ ਹੁੰਦਾ ਹੈ। ਇਸ ਲਈ ਇਸ ਨੂੰ 'ਅਖਾਜ' ਆਖ ਕੇ ਰੱਦ ਕਰਨਾ ਹੀ ਚੰਗਾ ਸਮਝਿਆ ਗਿਆ- *'ਹੱਥ ਨਾਂ ਅੱਪੜੇ ਥੂਹ ਕੌੜੀ'* ਵਾਲੀ ਗੱਲ ਹੋਈ। ਦੂਸਰੇ ਪਾਸ ਬੱਕਰੀ ਇੱਕ ਨਿਤਾਣਾ ਜਾਂ ਕਮਜ਼ੋਰ ਜਾਨਵਰ ਹੈ, ਜਿਸ ਨੂੰ ਆਸਾਨੀ ਨਾਲ ਕਤਲ ਕੀਤਾ ਜਾ ਸਕਦਾ ਹੈ ,ਇਸ ਲਈ ਇਸ ਦੇ ਮਾਸ ਨੂੰ 'ਪਵਿੱਤਰ' ਮੰਨ ਲਿਆ ਗਿਆ। ਇਸ ਵਾਰ ਦਾ ਅਰਥ ਸਾਇਦ ਇਹ ਲੈ ਲਿਆ ਕਿ ਚੂੰਕਿ ਬੱਕਰੀ ਦੇ ਚਮੜੇ ਤੋਂ ਮ੍ਰਿਦੰਗ ਅਤੇ ਤਬਲਾ ਆਦਿ ਬਣਦੇ ਹਨ, ਜੋ ਸਾਧ ਸੰਗਤ ਦੇ ਕੀਰਤਨ ਵੇਲੇ ਕੰਮ ਆਉਂਦੇ ਹਨ, ਇਸ ਲਈ ਬੱਕਰੀ ਦਾ ਮਾਸ ਪਵਿੱਤਰ ਹੈ ਤੇ ਖਾਣਾ ਜਾਇਜ਼ ਹੈ। ਝੋਟੇ ਜਾਂ ਊਟ ਦੀ ਖੱਲ ਤੋਂ ਨਗਾਰਾ ਮੜ੍ਹਿਆ ਜਾਂਦਾ ਹੈ ਜੋ ਗੁਰਦੁਆਰਿਆਂ ਵਿੱਚ ਹਮੇਸ਼ਾਂ ਵਰਤੋਂ ਵਿੱਚ ਆਉਂਦਾ ਹੈ। ਇਸ ਲਈ ਝੋਟੇ ਤੇ ਊਟ ਦੇ ਮਾਸ ਨੂੰ ਭੀ ਪਵਿੱਤਰ ਹੋਇਆ ਮੰਨਣਾ ਪਵੇਗਾ। ਗਾਂ ਤੇ ਬਲਦਾਂ ਦੀ ਖੱਲ ਤੋਂ ਮੌਜੜੇ (ਜੁੱਤੀਆਂ) ਬਣਦੇ ਹਨ ਜਿਨ੍ਹਾਂ ਨੂੰ ਗੁਰਸਿੱਖ ਪੈਰੀਂ ਪਾ, ਹੰਢਾਉਂਦੇ ਹਨ। ਇਸ ਲਈ ਗਾਂ ਤੇ ਬਲਦਾਂ ਦਾ ਮਾਸ ਭੀ ਖਾਣੇ ਲਈ ਪਵਿੱਤਰ ਹੋਇਆ। ਭਾਈ ਗੁਰਦਾਸ ਜੀ ਨੇ ਵਾਰ ੧/੩੦ ਵਿੱਚ '**ਖਾਜੁ ਹੋਇਆ ਮੁਰਦਾਰ ਗੁਸਾਈਂ**' ਨੂੰ '**ਵਰਤਿਆ ਪਾਪ ਸਭਸ ਜਗ ਮਾਹੀਂ**' ਆਖਿਆ ਹੈ ਤੇ ਮੁਰਦਾਰ ਖਾਣੇ ਨੂੰ ਪਾਪ ਕਰਮ ਗਰਦਾਨਿਆ ਹੈ। ਅੱਗੇ ਵਾਰ ੨੫/੧੭ ਵਿੱਚ "**ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ।। ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ**



www.AKJ.Org

ਕਉਣੁ ਹੋਵਸੀ।।" ਅਨੁਸਾਰ ਬੱਕਰੀ ਸ਼ੇਰ ਦੇ ਪੰਜੇ ਵਿੱਚ ਫਸੀ ਹੋਈ ਹੱਸਦੀ ਹੈ ਤੇ ਆਖਦੀ ਹੈ ਕਿ ਮੇਰੀ ਅੱਕ ਧਤੂਰਾ ਖਾਂਦੀ ਹੋਈ ਦੀ ਕੁਹਿ ਕੁਹਿ ਕੇ ਖੱਲ ਉਤਾਰੀ ਜਾਂਦੀ ਹੈ, ਜੋ ਗਲ ਵੱਢ ਕੇ ਮਾਸ ਖਾਂਦੇ ਹਨ ਉਨ੍ਹਾਂ ਦਾ ਕਿਆ ਹਾਲ ਹੋਵੇਗਾ ? ਸਪਸ਼ਟ ਹੈ ਕਿ ਜਦੋਂ ਭਾਈ ਸਾਹਿਬ ਮਾਸ ਖਾਣ ਨੂੰ ਵਾਰਾਂ ਵਿੱਚ ਪਾਪ ਕਰਮ ਦੱਸਦੇ ਹਨ ਤਾਂ ਉਹ ਉਸੀ ਕਲਮ ਨਾਲ ਬੱਕਰੀ ਦੇ ਮਾਸ ਨੂੰ ਪਵਿੱਤਰ ਕਿਵੇਂ ਲਿਖ ਸਕਦੇ ਹਨ ? ਜੇ ਜ਼ਰਾ ਨਿਰਪੱਖ ਹੋ ਕੇ ਦੇਖਿਆ ਜਾਵੇ ਤਾਂ ਮੁਸਲਮਾਨ 'ਅਲਾਹ' ਕੈਹ ਕੇ ਛੁਰੀ ਫੇਰਦਾ ਹੈ ਤੇ ਸਿੱਖ 'ਵਾਹਿਗੁਰੂ' ਆਖ ਕੇ ਟੱਕ ਲਾਉਂਦਾ ਹੈ, ਨਤੀਜਾ ਦੋਨਾਂ ਹਾਲਤਾਂ ਵਿੱਚ ਇੱਕ ਹੀ ਹੈ। ਇੱਕ ਬੇ-ਦੋਸ਼ੇ ਮਾਸੂਮ ਜਾਨਵਰ ਦਾ ਕਤਲ, ਝਟਕਾ ਜ਼ਾਇਜ਼ ਤੇ ਹਲਾਲ ਨਾਜਾਇਜ਼ ਕਿਸ ਬਿਨਾ ਤੇ ਹੋਇਆ ?

ਕਈ ਮਾਸ ਖਾਣ ਵਾਲੇ ਸੱਜਨਾਂ ਦਾ ਵਿਚਾਰ ਇਹ ਹੈ ਕਿ ਮਾਸ ਖਾਣ ਨਾਲ ਬੀਰ-ਰਸ ਜਾਂ Martial spirit ਵਿੱਚ ਵਾਧਾ ਹੁੰਦਾ ਹੈ। ਇਹ ਭੀ ਇਕ ਭੁਲੇਖਾ ਹੈ। ਬੀਰ-ਰਸ, ਮਾਸ ਖਾਣ ਨਾਲ ਨਹੀਂ, ਅੰਮ੍ਰਿਤ ਦੀ ਸ਼ਕਤੀ ਤੋਂ ਪੈਦਾ ਹੁੰਦਾ ਹੈ। ਸੰਨ 1978 ਦੀ ਵੈਸਾਖੀ ਵਾਲੇ ਦਿਨ ਜੋ ਤੇਰਾਂ ਸਿੰਘ ਸ਼ਹੀਦ ਹੋਏ ਸਨ, ਉਨ੍ਹਾਂ ਵਿਚੋਂ ਕੋਈ ਭੀ ਸਿੰਘ ਮਾਸ ਨਹੀਂ ਸੀ ਖਾਂਦਾ। ਇਸ ਲਈ ਮਾਸ ਖਾਣ ਜਾਂ ਨਾਂ ਖਾਣ ਦਾ ਬੀਰ-ਰਸ ਜਾਂ Martial spirit ਨਾਲ ਕੋਈ ਸੰਬੰਧ ਨਹੀਂ ਹੈ। ਆਪ ਜੀ ਸਾਰੇ ਹੀ ਇਹ ਜਾਣਦੇ ਹੋ ਕਿ ਸਾਰਾ ਸੰਸਾਰ, ਤਮੋ, ਰਜੋ ਅਤੇ ਸਤੋ, ਤਿੰਨਾਂ ਗੁਣਾ ਵਿਚ ਵਿਚਰਦਾ ਹੈ। ਖਾਲਸੇ ਨੇ ਤਿੰਨਾਂ ਗੁਣਾ ਤੋਂ ਉਪਰ ਉੱਠ, ਤ੍ਰੈ ਗੁਣ ਅਤੀਤ ਹੋਣਾ ਹੈ। ਜੋ ਖੁਰਾਕ ਹਾਜ਼ਮੇ ਤੇ ਬੋਝ ਪਾਉਂਦੀ ਹੈ ਉਸ ਨਾਲ ਸਰੀਰ ਵਿੱਚ ਸੁਸਤੀ ਫੈਲ, ਤਮੋ ਗੁਣ ਵੱਧਦਾ ਹੈ। ਕਿਆ ਕੋਈ ਇਹ ਮੰਨ ਲਏਗਾ ਕਿ ਮਾਸ ਖਾਣ ਨਾਲ ਤਮੋ ਨਹੀਂ ਸਤੋ ਗੁਣ ਵੱਧਦਾ ਹੈ ? ਇਹ ਭੀ ਆਪ ਜੀ ਸਾਰੇ ਜਾਣਦੇ ਹੀ ਹੋ ਕਿ ਜਦੋਂ ਮਾਸ ਦੀ ਕੌਲੀ ਸਾਮ੍ਹਣੇ ਆਉਂਦੀ ਹੈ ਤਾਂ ਉਸ ਦੇ ਨਾਲ ਨਾਲ ਸ਼ਰਾਬ ਦੀ ਬੋਤਲ ਭੀ ਖੁਲ੍ਹਦੀ ਹੈ। ਇਸੀ ਕਰਕੇ ਹੀ 'ਮਾਸ ਸ਼ਰਾਬ' ਅਤੇ 'ਸ਼ਰਾਬੀ ਕਬਾਬੀ' ਦੇ ਜੁੜਤ ਨਾਮ ਪਰਚਲਤ ਹਨ। ਮਾਸ ਸ਼ਰਾਬ ਦੀ ਵਰਤੋਂ ਤੋਂ ਪਿਛੋਂ ਜੋ ਕੁੱਝ ਵਾਪਰਦਾ ਹੈ ਉਹ ਭੀ ਕਿਸੀ ਤੋਂ ਗੁੱਝਾ ਨਹੀਂ। ਇਸੀ ਪ੍ਰਥਾਏ ਹੀ ਹੁਕਮ ਹੈ "ਬਾਬਾ ਹੋਰੁ ਖਾਣਾ ਖੁਸੀ ਖੁਆਰ।। ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ" (ਪੰਨਾ ੧੬) ਇਸ ਨੁਕਤਾ ਨਿਗਾਹ ਤੋਂ ਭੀ ਮਾਸ ਦੀ ਵਰਤੋਂ ਠੀਕ ਪਰਤੀਤ ਨਹੀਂ ਹੁੰਦੀ। ਹੇਠ ਲਿਖੇ ਫੁਰਮਾਨ ਭੀ ਇਸ ਖਿਆਲ ਦੀ ਪੁਸ਼ਟੀ ਕਰਦੇ ਹਨ:-

1. ਕਬੀਰ ਜੀਅ ਜੁ ਮਾਰਹਿ ਜੋਰੁ ਕਰ ਕਹਤੇ ਹਹਿ ਜੁ ਹਲਾਲੁ।।
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ।।
(ਪੰਨਾ ੧੩੭੫)
2. ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ।।
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ।।
(ਪੰਨਾ ੧੩੭੭)
3. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।।
(ਪੰਨਾ ੧੪੦)
4. ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।
(ਪੰਨਾ ੧੪੧)
5. ਬੇਦੁ ਪੜੈ ਮੁਖਿ ਮੀਠੀ ਬਾਣੀ।।
ਜੀਆਂ ਕੁਹਤ ਨ ਸੰਗੈ ਪਰਾਣੀ।। (ਪੰਨਾ ੨੦੧)
6. ਦੁਖ ਨ ਦੇਈ ਕਿਸੈ ਜੀਅ ਪਤਿ ਸਿਉ ਘਰ ਜਾਵਉ।।
(ਪੰਨਾ ੩੨੨)
7. ਜਉ ਸਭ ਮਹਿ ਏਕੁ ਖੁਦਾਇ ਕਹਤ
ਹਉ ਤਉ ਕਿਉ ਮੁਰਗੀ ਮਾਰੈ।। (ਪੰਨਾ ੧੩੫੦)

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਪੁਸਤਕ 'ਝਟਕਾ ਮਾਸ ਪ੍ਰਥਾਏ ਨਿਰਣੈ' ਵਿੱਚ ਗੁਰਬਾਣੀ ਦੇ ਆਧਾਰ ਤੇ ਸਿੱਧ ਕੀਤਾ ਹੈ ਕਿ ਮਾਸ ਖਾਣਾ ਉਚਿਤ ਨਹੀਂ ਹੈ। ਇਸ ਲਈ ਇਸ ਸੰਬੰਧ ਵਿੱਚ ਕੁਝ ਹੋਰ ਲਿਖਣ ਦੀ ਲੋੜ ਪਰਤੀਤ ਨਹੀਂ ਹੁੰਦੀ।

## ਉੱਦਮ

ਗਿ: ਗੋਪਾਲ ਸਿੰਘ ਮਿੱਤਰ

ਵੇਖ ਘੜੀ ਸੂਈ ਦੀ ਬੀਬਾ, ਹਰਦਮ ਤੁਰਦੀ ਜਾਵੇ।
ਸੈਕੰਡ ਜਾ ਮਿੰਟ ਤੇ ਘੰਟੇ, ਦਿਨ, ਮਾਂਹ, ਸਾਲ ਵਿਹਾਵੇ।
ਆਏ ਬਹਾਰਾਂ ਪਿੱਛੋਂ ਪਤਝੜ, ਪਰਤਣ ਫੇਰ ਬਹਾਰਾਂ,
ਚਲਦਾ ਰਹੇ ਸਮੇਂ ਦਾ ਚੱਕਰ, ਅਟਕ ਨ ਕੋਈ ਪਾਵੇ।

੨੨

ਇਸ ਚੱਕਰ ਨੂੰ ਅਟਕ ਪਵੇ ਤਾਂ, ਵਰਤ ਜਾਏ ਤਰਥੱਲੀ।
ਗੜਬੜ ਪਵੇ ਪ੍ਰਬੰਧਕ ਢਾਂਚੇ, 'ਮਿੱਤਰ' ਮੱਲੋ ਮੱਲੀ।
ਵਾਤਾਵਰਨ ਸੁਧਾਰਨ ਵਾਸਤੇ, ਕਈ ਦਿਮਾਗ ਚਕਰਾਵਨ,
ਸਮਾਂ ਵਿਹਾਵੇ ਸੁਲਝੇ ਗੁੰਝਲ, ਮੁਸ਼ਕਲ ਨਾਲ ਕੁਵੱਲੀ।

ਅਟਕ ਵੇਖ ਜੋ ਅਟਕ ਗਿਆ, ਤੇ ਢਾਹ ਬੈਠਾ ਜੋ ਢੇਰੀ।
ਪਲ ਦਾ ਘੁੱਥਾ, ਪਈਆਂ ਵਿੱਥਾਂ, ਸੁਰਤ ਵਿਚਾਰਾਂ ਘੇਰੀ।
ਉੱਦਮ ਕਰੇ ਤਾਂ ਪੈਂਡਾਂ ਮੁੱਕੇ, ਅਟਕਾਂ ਭੰਨੇ ਚਲ ਕੇ,
'ਮਿੱਤਰ' ਜੀ ਕਹਿ ਗਏ ਸਿਆਣੇ, ਇਹ ਗਲ ਚਾਲ੍ਹੀ ਸੇਰੀ।



www.AKJ.Org

# ਜੀਵਨ ਰਸ ਤੇ ਦਰਸਨ ਪਿਆਸ

(ਭਾਈ ਜਸਬੀਰ ਸਿੰਘ ਜੀ ਖਾਲਸਾ)

ਰਸ ਸੁਆਦ ਭੀ ਹੈ ਲੇਕਿਨ ਇਹ ਵੀ ਜ਼ਰੂਰੀ ਸਮਝਣਾ ਹੈ ਕਿ ਰਸ ਜੀਵਨ ਭੀ ਹੈ। ਪਰ ਮਨੁਖ ਨੇ ਆਪਣੇ ਸੁਭਾਅ ਕਰਕੇ ਰਸ ਨੂੰ ਸੁਆਦ ਹੀ ਸਮਝਿਆ ਹੈ। ਮਨੁਖ ਸਿਰਫ ਸੁਆਦ ਤਕ ਸੀਮਤ ਹੋਣ ਕਰਕੇ ਜੀਵਨ ਨਾਲੋ ਟੁਟ ਗਿਆ। ਜਿਵੇਂ ਜਿਵੇਂ ਰਸਾਂ ਦੇ ਸੁਆਦ ਵਿਚ ਜਾਂਦਾ ਗਿਆ ਤਿਵੇਂ ਤਿਵੇਂ ਉਹ ਗੁਣ ਜਿਨ੍ਹਾਂ ਕਰਕੇ ਜੀਵਨ ਦਾਤੇ ਦਾ ਮਿਲਾਪ ਹੋਣਾ ਸੀ, ਗ੍ਰਹਿਣ ਨਾ ਕਰ ਸਕਿਆ। ਸਤਿਗੁਰੂ ਕਹਿੰਦੇ ਹਨ, ਹੇ ਭਾਈ ! ਰਸ ਨੂੰ ਕੇਵਲ ਸੁਆਦ ਤਕ ਸੀਮਤ ਨਾ ਰੱਖ, ਇਸਨੂੰ ਜੀਵਨ ਦੇ ਲਈ ਅਨੁਭਵ ਕਰ। ਸਿਆਣੇ ਕਹਿੰਦੇ ਹਨ, ਅਗਰ ਕੋਈ ਵਸਤੂ ਜਿਆਦਾ ਸੁਆਦ ਹੋਵੇ ਪਰ ਸਰੀਰ ਲਈ ਹਾਨੀਕਾਰਕ ਹੋਵੇ ਉਹ ਘਟ ਖਾਣੀ ਚਾਹੀਦੀ ਹੈ ਪਰ ਜੇਕਰ ਕੋਈ ਵਸਤੂ ਰਸਨਾ ਕਰਕੇ ਜਿਆਦਾ ਸੁਆਦ ਨਾ ਹੋਵੇ ਪਰ ਸਰੀਰ ਲਈ ਜੀਵਨ ਲਈ ਜਰੂਰੀ ਹੋਵੇ ਉਹ ਜ਼ਰੂਰ ਖਾ ਲੈਣੀ ਚਾਹੀਦੀ। ਲੇਕਿਨ ਅਸੀਂ ਸੁਆਦ ਕਰਕੇ ਖਾਂਦੇ ਹਾਂ, ਭੁਖ ਕਰਕੇ ਨਹੀਂ। ਜੇਕਰ ਭੁੱਖ ਲੱਗੀ ਹੋਵੇ ਤਾਂ ਪੇਟ ਭਰਨ ਲਈ ਥੋੜ੍ਹੀ ਜੇਹੀ ਸਬਜ਼ੀ ਨਾਲ ਭੀ ਪ੍ਰਸ਼ਾਦਾ ਛਕ ਸਕਦੇ ਹਾਂ। ਪਰ ਅਕਸਰ ਅਸੀਂ ਵੇਖਦੇ ਹਾਂ ਕਿ ਅਸੀਂ ਭੁਖ ਕਰਕੇ ਨਹੀਂ ਸਗੋ ਜੀਭ ਦੇ ਸੁਆਦ ਕਰਕੇ ਇਤਨਾ ਕੁਝ ਛੱਕ ਲੈਂਦੇ ਹਾਂ ਕਿ ਛਕ ਕੇ ਕਈ ਵਾਰ ਦੁਬਾਰਾ ਭੀ ਛਕ ਲੈਂਦੇ ਹਾਂ ਕਿਉਂਕਿ ਅਸੀਂ ਸੁਆਦ ਵਿੱਚ ਪੈ ਗਏ, ਜੀਵਨ ਰਸ ਵਿੱਚ ਨਹੀਂ। ਜਦੋਂ ਕੋਈ ਮਨੁੱਖ ਜੀਵਨ ਰਸ ਵਿੱਚ ਪੈ ਜਾਵੇਗਾ ਉਸਨੂੰ ਇਕ ਗਲ ਦਾ ਅਨੁਭਵ ਹੋਵੇਗਾ, ਹਰ ਇੰਦ੍ਰੇ ਦਾ ਆਪਣਾ ਜੀਵਨ ਰਸ ਭੀ ਹੈ। ਜੇ ਇਨ੍ਹਾਂ ਇੰਦ੍ਰਿਆਂ ਨੂੰ ਜੀਵਨ ਰਸ ਨਾ ਮਿਲੇ ਤਾਂ ਜੀਵਨ ਖਤਮ ਹੋ ਜਾਵੇਗਾ। ਇੰਝ ਜਾਣੋ ਮਨੁੱਖ ਦੀ ਆਤਮਕ ਮੌਤ ਹੋ ਜਾਵੇਗੀ। ਪਰਮਾਤਮਾ ਵਲੋਂ ਹਰੇਕ ਮਨੁੱਖ ਨੂੰ ਮਿਲਿਆ ਮਨੁੱਖੀ ਜਾਮਾ ਗੁਣਾਂ ਨਾਲ ਭਰਪੂਰ ਹੈ। ਜੇ ਕਰ ਜੀਵਨ ਰਸ ਨਹੀਂ ਤਾਂ ਮਨੁੱਖੀ ਜਾਮਾ ਗੁਣਾਂ ਵਾਲਾ ਹੋਣ ਦੇ ਬਾਵਜੂਦ ਇਸਦੇ ਗੁਣ ਰੁਲ ਜਾਣਗੇ। ਸਾਹਿਬ ਕਹਿੰਦੇ ਹਨ- **ਮਨ ਏਕੁ ਨ ਚੇਤਸਿ ਮੂੜ ਮਨਾ।।**

**ਹਰਿ ਬਿਸਰਤ ਤੇਰੇ ਗੁਣ ਗਲਿਆ।।**(੧੨)

ਜੇ ਜੀਵਨ ਰਸ ਨਹੀਂ ਤਾਂ ਮਨੁੱਖ ਦੀ ਦੇਖਣੀ ਮਨੁੱਖਾਂ ਵਾਲੀ ਨਹੀਂ ਰਹੇਗੀ, ਸੁਣਨਾਂ ਮਨੁੱਖਾਂ ਵਾਲਾ ਨਹੀਂ ਰਹੇਗਾ, ਬੋਲਣਾ. ਮਨੁੱਖਾਂ ਵਾਲਾ ਨਹੀਂ ਰਹੇਗਾ, ਸੁੰਘਣਾ ਮਨੁੱਖਾਂ ਵਾਲਾ ਨਹੀਂ ਰਹੇਗਾ, ਸਪਰਸ਼ ਮਨੁੱਖਾਂ ਵਾਲਾ ਨਹੀਂ ਰਹੇਗਾ। ਜੀਵਨ ਵਿੱਚ ਔਗੁਣ ਭਰ ਜਾਣਗੇ। ਵੇਖਣ ਵਾਲਾ ਕਹੇਗਾ ਇਹ ਮਨੁੱਖ ਭੀ ਹੈ ਕਿ ਨਹੀਂ। ਸਿਰਫ ਬੰਦੇ ਨੂੰ ਹੀ ਕਿਹਾ ਜਾਂਦਾ ਹੈ ਕਿ ਤੂੰ ਬੰਦਾ ਬਣ। ਕਦੇ ਕਿਸੇ ਨੇ ਕਿਸੇ ਪਸ਼ੂ ਨੂੰ ਭੀ ਕਿਹਾ ਹੈ ਕਿ ਤੂੰ ਪਸ਼ੂ ਬਣ। ਕਦੇ ਕੋਈ ਕਹਿੰਦਾ ਹੈ, ਹੇ ਮੱਝ! ਤੂੰ ਮੱਝ ਬਣ, ਹੇ ਗਾਂ! ਤੂੰ ਗਾਂ ਬਣ, ਹੇ ਕੁੱਤੇ! ਤੂੰ ਕੁੱਤਾ ਬਣ। ਬੰਦੇ ਵਿੱਚ ਜਦੋਂ ਬੰਦੇ ਵਾਲੇ ਗੁਣ ਨਹੀਂ ਰਹਿੰਦੇ ਤਾਂ ਕਿਹਾ ਜਾਂਦਾ ਹੈ, ਹੇ ਬੰਦੇ! ਤੂੰ ਬੰਦਾ ਬਣ। ਪਸ਼ੂ ਵਿੱਚ ਤਾਂ ਪਸ਼ੂ ਦੇ ਗੁਣ ਹਨ, ਇਸ ਲਈ ਕਹਿਣ ਦੀ ਲੋੜ ਹੀ ਨਹੀਂ ਪੈਂਦੀ। ਬੰਦਾ ਜੀਵਨ ਰਸ ਤੋਂ ਟੁੱਟਾ ਹੋਇਆ ਹੈ। ਜਿਵੇਂ ਸਾਡੀ ਜੀਭ ਹੈ। ਜੀਭ ਦਾ ਅਰਥ ਸੰਸਾਰ ਦੇ ਲੋਕਾਂ ਨੇ ਮਿੱਠੇ ਸੁਆਦ ਕਿਹਾ ਹੈ। ਗੁਰਵਾਕ ਹੈ-

**ਰਸਨਾ ਸੋਈ ਲੋਭਿ ਮੀਠੇ ਸਾਦਿ।।** (ਪੰਨਾ ੧੯੨)

ਰਸਨਾਂ ਲੋਭ ਤੇ ਮਿੱਠੇ ਮਿੱਠੇ ਸੁਆਦਾਂ ਵਿੱਚ ਸੌਂ ਗਈ। ਇਹ ਜੀਭ ਦਾ ਰਸ ਤਾਂ ਹੋ ਸਕਦਾ ਪਰ ਜੀਵਨ ਰਸ ਨਹੀਂ। ਜੀਭ ਦਾ ਜੀਵਨ ਰਸ ਹੈ, ਹਰਿ ਰਸ। ਕਈ ਵਾਰ ਸਾਡੇ ਜੀਵਨ ਵਿੱਚ ਕਦੇ ਕਦਾਈਂ ਇਹ ਘਟਨਾ ਆਉਂਦੀ ਹੈ ਕਿ ਕੋਈ ਚੀਜ਼ ਖਾਂਦਿਆਂ ਖਾਂਦਿਆਂ ਦੰਦ ਅਚਾਨਕ ਜੀਭ ਨੂੰ ਟੁਕ ਦਿੰਦੇ ਹਨ। ਇਹ ਘਟਨਾ ਕੁੱਝ ਪ੍ਰੇਰਨਾ ਦਿੰਦੀ ਹੈ। ਦੰਦ ਕਹਿੰਦੇ ਹਨ, ਹੇ ਰਸਨਾਂ ! ਅਸੀਂ ਰਸ ਵਾਲੇ ਪਦਾਰਥਾਂ ਨੂੰ ਤੇਰੇ ਲਈ ਟੁਕੜੇ ਟੁਕੜੇ ਕਰਦੇ ਹਾਂ ਪਰ ਰਸ ਸਾਰਾ ਤੂੰ ਪੀ ਜਾਂਦੀ ਹੈਂ। ਅਸੀਂ ਕਾਫੀ ਸਮੇਂ ਤੋਂ ਦੇਖ ਰਹੇ ਹਾਂ ਕਿ ਤੂੰ ਰਸਾਂ ਵਿੱਚ ਇਤਨੀ ਮਸਤ ਹੋ ਗਈ ਕਿ ਜੀਵਨ ਦਾਤੇ ਨੂੰ ਹੀ ਭੁੱਲ ਗਈ। ਤੂੰ ਕਦੇ ਜੀਵਨ ਦਾਤੇ ਦਾ ਸ਼ੁਕਰਾਨਾ ਨਹੀਂ ਕੀਤਾ। ਅਸੀਂ ਤੈਨੂੰ ਟੁਕ ਕੇ ਯਾਦ ਕਰਵਾਇਆ ਹੈ ਕਿ ਜੇ ਤੂੰ ਜੀਵਨ ਦਾਤੇ ਦਾ ਸ਼ੁਕਰਾਨਾ ਨਾ ਕੀਤਾ, ਨਾਮ ਨਾ ਜਪਿਆ ਤਾਂ ਦਰਗਾਹ ਵਿੱਚ ਟੁੱਕੜੇ ਟੁੱਕੜੇ ਕਰ ਦਿੱਤੀ ਜਾਏਂਗੀ, ਤਿਲ ਤਿਲ ਕਰਕੇ ਕੱਟੀ ਜਾਵੇਂਗੀ।

**"ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ।।"**

(ਪੰਨਾ ੧੩੬੨)

ਕੰਨਾਂ ਦਾ ਰਸ ਸਿਰਫ ਸੁਣਨਾ ਹੀ ਨਹੀਂ ਹੈ। ਪਰ **"ਸ੍ਰਵਣ ਹੋਏ ਸੁਣ ਨਿੰਦ ਵੀਚਾਰ।।"** (ਪੰਨਾ ੧੯੨)

ਕੰਨ ਨਿੰਦਿਆ ਵਿੱਚ ਸੌਂ ਗਏ। ਕੰਨਾਂ ਦਾ ਜੀਵਨ ਰਸ ਨਿੰਦਿਆ ਸੁਣਨਾ ਨਹੀਂ ਹੈ ਸਗੋਂ ਸੱਚ ਨੂੰ ਸੁਣਨਾ ਕੰਨਾਂ ਦਾ ਜੀਵਨ ਰਸ ਹੈ।

**"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।।"**

(ਅਨੰਦ ਸਾਹਿਬ)

ਅੱਖਾਂ ਦਾ ਰਸ ਸੰਸਾਰ ਨੇ ਸਿਰਫ ਦੇਖਣਾ ਹੀ ਮੰਨਿਆ ਹੈ। **"ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ।।"**

(ਪੰਨਾ ੧੯੨)



www.AKJ.Org

ਪਰ ਯਾਦ ਰੱਖਣਾ ਚਾਹੀਦਾ ਹੈ ਕਿ ਅੱਖਾਂ ਦਾ ਜੀਵਨ ਰਸ ਜੀਵਨ ਦਾਤੇ ਦਾ ਦੀਦਾਰ ਕਰਨਾ ਹੈ, ਗੁਰੂ ਸਵਾਰਿਆਂ ਦੀ ਸਤਸੰਗਤ ਦੇ ਦਰਸਨ ਕਰਨਾ ਹੈ, ਨਹੀਂ ਤਾਂ ਅੱਖਾਂ ਮਰ ਜਾਣਗੀਆਂ ਭਾਵ ਅੰਦਰ ਦੀ ਦੇਖਣੀ ਮਰ ਜਾਵੇਗੀ। ਮਨੁੱਖ ਦੀ ਦੇਖਣੀ ਮਨੁੱਖਾਂ ਵਾਲੀ ਨਹੀਂ ਹੈ ਕਿਉਂਕਿ ਜੀਵਨ ਰਸ ਨਹੀਂ ਹੈ। ਜੇ ਅੱਖਾਂ ਵਿੱਚ ਜੀਵਨ ਰਸ ਹੈ ਤਾਂ ਜੀਵਨ ਦਾਤੇ ਵੱਲ ਦੇਖਣੀ ਹੋਵੇਗੀ। ਅਜਿਹੀ ਦੇਖਣੀ ਦੀ ਨਿਸ਼ਾਨੀ ਇਹ ਹੈ ਕਿ ਜਿਨ੍ਹਾਂ ਅੱਖਾਂ ਨਾਲ ਮਨੁੱਖ ਆਪਣੀਆਂ ਧੀਆਂ ਭੈਣਾਂ ਨੂੰ ਵੇਖਦਾ ਹੈ, ਫਿਰ ਪਰਾਈਆਂ ਨੂੰ ਭੀ ਉਵੇਂ ਹੀ ਦੇਖੇਗਾ। ਸੋ ਦੇਖਣੀ ਵਿੱਚ ਅੰਤਰ ਆ ਗਿਆ। ਜੀਵਨ ਰਸ ਵਾਲੀ ਦੇਖਣੀ, ਉਚੇ ਆਚਾਰ ਵਾਲੀ ਹੋਵੇਗੀ। ਜੇ ਜੀਵਨ ਰਸ ਹੈ ਤਾਂ ਅੱਖਾਂ ਜੀਵਨ ਦਾਤੇ ਦੇ ਦੀਦਾਰ ਕਰਦੀਆਂ ਹਨ, ਸਤਿਗੁਰੂ ਦੇ ਦੀਦਾਰ ਕਰਦੀਆਂ ਹਨ ਤਾਂ ਸਮਝਣਾ ਪਏਗਾ ਹੇ ਬੰਦੇ ! ਤੇਰੇ ਜੀਵਨ ਦਾ ਰਸ ਹੈ ਬੰਦਗੀ। ਬੰਦੇ ਦਾ ਬੰਦਗੀ ਨਾਲ ਸੰਬੰਧ ਹੈ। ਅੱਖਾਂ ਦਾ ਜੀਵਨ ਰਸ ਨਾਲ ਸੰਬੰਧ ਹੈ। **"ਦਰਸਨ ਪਿਆਸੀ ਦਿਨਸੁ ਰਾਤਿ"** (ਪੰਨਾ ੭੦੩) ਏਥੇ ਦਰਸਨਾਂ ਦੀ ਗੱਲ ਹੈ , ਇਸ ਦਾ ਅੱਖਾਂ ਨਾਲ ਸੰਬੰਧ ਹੈ। ਇਹ ਦਰਸਨ ਅੱਖਾਂ ਦਾ ਜੀਵਨ ਰਸ ਹੈ। ਹਰ ਇੰਦ੍ਰੇ ਨੂੰ ਰਸ ਦੀ ਲੋੜ ਹੈ ਪਰ ਹਰ ਇੰਦ੍ਰੇ ਦਾ ਜੀਵਨ ਰਸ ਨਾਲ ਸਬੰਧਤ ਹੋਣਾ ਜ਼ਰੂਰੀ ਹੈ। ਜੇ ਮਨੁੱਖ ਦੇ ਇੰਦ੍ਰੇ ਜੀਵਨ ਰਸ ਨਾਲ ਸਬੰਧਤ ਹੋਣਗੇ ਤਾਂ ਜੀਵ ਦਾ ਮਨ ਭੀ ਜੀਵਨ ਰਸ ਨਾਲ ਸਬੰਧਤ ਹੋਵੇਗਾ ਨਹੀਂ ਤਾਂ ਮਨ ਭੀ ਸੰਸਾਰਕ ਰਸਾਂ ਦਾ ਭੁੱਖਾ ਹੈ।

**"ਮਨ ਸੋਇਆ ਮਾਇਆ ਬਿਸਮਾਦਿ।।"** (ਪੰਨਾ ੧੯੨)

ਮਨ ਕੀ ਕਰਦਾ ਹੈ ? ਜੋ ਰਸ ਗਿਆਨ ਤੇ ਕਰਮ ਇੰਦ੍ਰੇ ਪੈਦਾ ਕਰਦੇ ਹਨ ਉਨਾਂ ਤੋਂ ਉਹ ਰਸ ਖੋਹ ਲੈਂਦਾ ਹੈ। ਅੱਖਾਂ ਤਾਂ ਰੰਗ ਤਮਾਸ਼ੇ ਵੇਖਦੀਆਂ ਹਨ ਪਰ ਮਾਣਦਾ ਮਨ ਹੈ। ਜੋ ਕੰਨ ਸੁਣਦੇ ਹਨ ਮਨ ਖੋਹ ਲੈਂਦਾ ਹੈ। ਸੋ ਮਨ ਤਾਂ ਲੁਟੇਰਾ ਹੈ। ਮਨ ਹੀ ਇੰਦ੍ਰਿਆਂ ਤੋਂ ਕਰਮ ਕਰਾਂਦਾ ਹੈ। ਪਰ ਵੀਚਾਰ ਕਰੋ ਮਨ ਦੀ ਹਾਲਤ ਅਜਿਹੀ ਕਿਉਂ ਬਣੀ ? ਜਿਵੇ ਇੱਕ ਰਾਜੇ ਦਾ ਪੁੱਤਰ ਰਾਜਕੁਮਾਰ ਗੁਆਚ ਜਾਏ ਤੇ ਭਿਖਾਰੀਆਂ ਦੇ ਟੋਲੇ ਵਿੱਚ ਚਲਾ ਜਾਏ ਤੇ ਉਸਦੀ ਯਾਦਾਸ਼ਤ ਗੁਆਚ ਜਾਵੇ ਤੇ ਭਿਖਾਰੀਆਂ ਨਾਲ ਮੰਗਣ ਲੱਗ ਜਾਵੇ ਪਰ ਅੰਦਰ ਮਨ ਦਾ ਸੁਭਾਅ ਹੈ ਖੋਹਣ ਦਾ। ਭਿਖਾਰੀਆਂ ਤੋਂ ਖੋਹਦਾ ਹੈ, ਝਗੜੇ ਪਾਉਂਦਾ ਹੈ। ਇੱਕ ਦਿਨ ਅਚਾਨਕ ਯਾਦ ਆ ਗਿਆ, ਓ ਮੂਰਖਾ! ਕਿਉਂ ਖੋਹਦਾ ਹੈਂ, ਤੂੰ ਤਾਂ ਰਾਜਕੁਮਾਰ ਹੈਂ। ਰਾਜਕੁਮਾਰ ਮੰਗਦਾ ਨਹੀਂ, ਵੰਡਦਾ ਹੈ। ਹੁਣ ਰਾਜਕੁਮਾਰ ਵੰਡਣ ਲੱਗ ਪਿਆ। ਹੁਣ ਆਪ ਦੁਖ ਤੇ ਭੁੱਖ ਸਹਾਰ ਕੇ ਦੂਜਿਆਂ ਨੂੰ ਪ੍ਰਸੰਨ ਕਰਨ ਲੱਗ ਪਿਆ। ਦੂਜਿਆਂ ਨੂੰ ਸੁੱਖ ਵੰਡਦਿਆਂ ਵੰਡਦਿਆਂ ਰਾਜੇ ਦੀ ਯਾਦ ਆ ਗਈ। ਹੁਣ ਰਾਜੇ ਬਗੈਰ ਨਹੀਂ ਰਹਿ ਸਕਦਾ। ਇਸੇ ਤਰ੍ਹਾਂ ਜਦੋਂ ਗੁਰਪ੍ਰਸਾਦਿ ਦੁਆਰਾ ਕੋਈ ਮਨ ਨੂੰ ਯਾਦ ਕਰਵਾ ਦੇਵੇ ਕਿ **"ਮਨ ਤੂੰ ਜੋਤਿ ਸਰੂਪ ਹੈ"** ਤਾਂ ਮਨ ਕਹਿੰਦਾ ਹੈ **"ਦਰਸਨ ਪਿਆਸੀ ਦਿਨਸੁ ਰਾਤਿ।।"** ਹੁਣ ਮਨ ਇਦ੍ਰਿਆਂ ਦੇ ਰਸ ਨੂੰ ਲੁੱਟਣਾ ਬੰਦ ਕਰ ਦਿੰਦਾ ਹੈ। ਜਦ ਤੱਕ ਮਨ ਨੂੰ ਆਪਣੇ ਪ੍ਰਭੂ ਪਰਮਾਤਮਾ ਦੀ ਯਾਦ ਨਾ ਆਵੇ ਤਾਂ ਇੰਦ੍ਰੇ ਇਸਨੂੰ ਹੋਰ ਹੋਰ ਪਾਸੇ ਲੈ ਜਾਂਦੇ ਹਨ। ਅਜਿਹੀ ਹਾਲਤ ਵਿੱਚ ਜੇ ਰਹਿਰਾਸ ਦਾ ਸਮਾਂ ਆਵੇ, ਇਹ ਸਮਾਂ ਗਵਾਏਗਾ। ਰਾਤੀਂ ਸੋਹਿਲੇ ਵੇਲੇ ਮਨ ਕਹੇਗਾ ਸੌਂ ਜਾ ਸੌਂ ਜਾ। ਹਿਰਦਾ ਕਿਸੇ ਦੁਖੀ ਨੂੰ ਵੇਖ ਕੇ ਕਹਿੰਦਾ ਹੈ, ਪਰਉਪਕਾਰ ਕਰ ਪਰ ਬੁੱਧ ਕਹਿੰਦੀ ਹੈ ਨਾ ਕਰ। ਜਿਵੇਂ ਰਾਜਕੁਮਾਰ ਰਾਜੇ ਨੂੰ ਭੁੱਲ ਗਿਆ ਤਿਵੇਂ ਮਨ ਆਪਣੇ ਮੂਲ ਪਰਮਾਤਮਾ ਨੂੰ ਭੁੱਲ ਗਿਆ, ਭਟਕ ਗਿਆ। ਹੁਣ, ਗੁਰਪ੍ਰਸਾਦਿ ਵਰਤਿਆ-

**"ਖੋਲਿ ਕਪਟ ਗੁਰ ਮੇਲੀਆ।"**

ਹੁਣ ਗੁਰੂ ਨੇ ਕਪਾਟ ਖੋਲ੍ਹ ਦਿੱਤੇ, ਮਾਇਆ ਦੇ ਪ੍ਰਭਾਵ ਚੋਂ ਕੱਢਿਆ ਹੁਣ ਉਹੋ ਮਨ ਪ੍ਰਭੂ ਦੇ ਦਰਸਨਾਂ ਲਈ ਵਿਆਕੁਲ ਹੋ ਗਿਆ ਤੇ ਕਹਿਣ ਲੱਗਾ, "ਸਤਿਗੁਰੂ ! ਮੇਰੇ ਤੇ ਕ੍ਰਿਪਾ ਕਰੋ ਤੇ ਵਾਹਿਗੁਰੂ ਦੇ ਦੀਦਾਰ ਕਰਵਾਓ।" ਹੁਣ ਤਾਂ ਮੈਂ ਹਰ ਵੇਲੇ ਪ੍ਰਭੂ ਦੇ ਦਰਸਨਾਂ ਨੂੰ ਚਿਤਾਰਦਾ ਹਾਂ।

**"ਦਰਸਨ ਪਿਆਸੀ ਦਿਨਸੁ ਰਾਤਿ
ਚਿਤਵਉ ਅਨਦਿਨੁ ਨੀਤ।।"**(੭੦੩)

ਦਰਸਨ ਕੀ ਹੈ ? ਅੱਖਾਂ ਰਾਹੀਂ ਅਸੀਂ ਵੇਖਦੇ ਹਾਂ। ਅੱਖਾਂ ਸਰੀਰ ਤੱਕ ਸੀਮਤ ਹਨ, ਇਸ ਤੋਂ ਅੱਗੇ ਨਹੀਂ ਜਾਂਦੀਆਂ ਪਰ ਜਿਸ ਸਾਈਂ ਦੇ ਦਰਸਨਾਂ ਦੀ ਗਲ ਸਤਿਗੁਰੂ ਕਰ ਰਹੇ ਹਨ ਉਹ ਤਾਂ ਸਰੀਰ ਨਹੀਂ। ਨਿਰਗੁਣ ਸਰੂਪ ਹੈ। **"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।"** ਸਰਗੁਣ ਸਰੂਪ ਉਸ ਪ੍ਰਭੂ ਦੇ ਸਾਜੇ ਹੋਏ ਹਨ। ਸਰਗੁਣ ਵਿੱਚ ਫਿਰ ਉਸ ਨਿਰਗੁਣ ਦਾ ਪ੍ਰਕਾਸ਼ ਹੈ। ਕੀੜੀ ਵਿੱਚ ਵੀ ਭਗਵਾਨ ਹੈ ਪਰ ਕੀੜੀ ਭਗਵਾਨ ਨਹੀਂ, ਉਸ ਵਿੱਚ ਰਹਿਣ ਵਾਲਾ ਭਗਵਾਨ ਹੈ। ਸਾਡੇ ਸਾਰਿਆਂ ਵਿੱਚ ਰਹਿਣ ਵਾਲਾ ਭਗਵਾਨ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗਲ ਦਾ ਫੈਸਲਾ ਕੀਤਾ ਹੈ-

**"ਜੋ ਹਮ ਕੋ ਪਰਮੇਸਰ ਉਚਰਿ ਹੈ।।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।"** (ਬਚਿਤ੍ਰ ਨਾਟਕ)

ਕੁੱਝ ਲੋਕ ਸੁਆਲ ਕਰਦੇ ਹਨ, ਫਿਰ ਗੁਰੂ ਗੋਬਿੰਦ ਸਿੰਘ ਜੀ ਨੂੰ ਰੱਬ ਨਾ ਮੰਨੀਏ ? ਅਸਾਂ ਸਾਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਰੱਬ ਮੰਨਣਾ ਹੈ। ਉਹ ਆਪ ਨਾਰਾਇਣ ਰੂਪ ਹਨ, ਦਸਵੇਂ ਨਾਨਕ ਹਨ।



www.AKJ.Org

"ਜੋਤਿ ਰੂਪ ਹਰਿ ਆਪ, ਗੁਰੂ ਨਾਨਕ ਕਹਾਇਓ।।
(ਪੰਨਾ ੧੪੦੮)

ਫਿਰ ਗੁਰੂ ਸਾਹਿਬ ਇਉਂ ਕਹਿੰਦੇ ਹਨ ਕਿ ਮੈਨੂੰ ਰੱਬ ਨਹੀਂ ਮੰਨਣਾ? ਗੁਰੂ ਸਾਹਿਬ ਇਸ ਲਈ ਕਹਿੰਦੇ ਹਨ ਕੇ ਜਿਥੇ ਮੈਂ ਜਾਂ ਮੁਝ ਹੋਵੇਗੀ ਉਸਦਾ ਸਬੰਧ ਸਰੀਰ ਨਾਲ ਹੋਵੇਗਾ। ਸਰੀਰ ਰੱਬ ਨਹੀਂ, ਸਰੀਰ ਵਿੱਚ ਵਸਦਾ ਜਨਮ ਮਰਨ ਤੋਂ ਰਹਿਤ ਰੱਬ ਹੈ। ਸਰੀਰ ਦਾ ਜਨਮ ਭੀ ਹੈ ਤੇ ਮਰਨ ਭੀ ਹੈ, ਇਸੇ ਲਈ ਪਾਤਸ਼ਾਹ ਨੇ ਕਿਹਾ ਜਿਹੜੇ ਮੇਰੇ ਸਰੀਰ ਨੂੰ ਰੱਬ ਮੰਨਣਗੇ, ਉਹ ਨਰਕ ਵਿੱਚ ਜਾਣਗੇ। ਸੋ ਸਾਡੀਆਂ ਅੱਖਾਂ ਤਾਂ ਸਰੀਰ ਤੱਕ ਸੀਮਤ ਹਨ ਫਿਰ ਉਹ ਕਿਹੜੀਆਂ ਅੱਖਾਂ ਹੋਣਗੀਆਂ ਜੋ ਸਰੀਰ ਤੋਂ ਅੱਗੇ ਜਾ ਕੇ ਸਾਂਈਂ ਦੇ ਦੀਦਾਰ ਕਰਨਗੀਆਂ? ਉਹ ਦਰਸਨ ਕੈਸੇ ਹੋਣਗੇ? ਉਹਨਾਂ ਦਰਸਨਾ ਦੀ ਪਿਆਸ ਕੈਸੀ ਹੋਵੇਗੀ?

ਬਬੀਹੇ ਨੂੰ ਜੇ ਸਵਾਂਤੀ ਬੂੰਦ ਦੀ ਪਿਆਸ ਹੈ ਤਾਂ ਬਬੀਹੇ ਦੀ ਆਸ ਭੀ ਸਵਾਂਤੀ ਬੂੰਦ ਹੈ। ਆਸ ਤੇ ਪਿਆਸ ਦਾ ਸੰਬੰਧ ਹੈ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ-

"ਕਹਿ ਰਵਿਦਾਸ ਆਸ ਲਗਿ • ਜੀਵਉ
ਚਿਰ ਭਇਓ ਦਰਸਨੁ ਦੇਖੇ।।(੬੯੪)

ਜਿਸ ਬੰਦੇ ਦੀ ਆਸ ਹੀ ਮਰ ਗਈ ਉਸ ਦੀ ਪਿਆਸ ਭੀ ਖਤਮ ਹੋ ਜਾਂਦੀ ਹੈ। ਆਸ ਕਰਕੇ ਬੰਦਾ ਜੀਉਂਦਾ ਹੈ। ਇਸੇ ਲਈ ਬਾਬਾ ਫਰੀਦ ਨੇ ਕਹਿ ਦਿੱਤਾ-

"ਏ ਦੁਇ ਨੈਨਾ ਮਤ ਛੁਹਉ ਪਿਰੁ ਦੇਖਨ ਕੀ ਆਸ।।(੧੩੮੨)

ਜੇ ਬਬੀਹੇ ਨੂੰ ਸਵਾਂਤੀ ਬੂੰਦ ਦੀ ਆਸ ਹੈ ਤਾਂ ਆਸ ਦੇ ਮੁਤਾਬਿਕ ਹੀ ਤ੍ਰਿਪਤੀ ਹੋਵੇਗੀ। ਭਾਵੇ ਬਬੀਹੇ ਦੇ ਸਾਹਮਣੇ ਜਿੰਨੇ ਮਰਜ਼ੀ ਪਾਣੀ ਨਾਲ ਛੱਪੜ ਭਰ ਜਾਣ, ਦਰਿਆ ਭਰ ਜਾਣ, ਮੋਰ ਪੈਲਾਂ ਪਾਉਣ, ਸਾਹਮਣੇ ਪਾਣੀ ਹੀ ਪਾਣੀ ਹੋਵੇ ਪਰ ਜਦ ਤੱਕ ਸਵਾਂਤੀ ਬੂੰਦ ਮੂੰਹ ਵਿੱਚ ਨਾ ਪਵੇ ਬਬੀਹਾ ਖੁਸ਼ ਨਹੀਂ ਹੋ ਸਕਦਾ। ਜਿਸਨੂੰ ਪ੍ਰਭੂ ਦਰਸਨਾਂ ਦੀ ਪਿਆਸ ਹੈ ਉਸਨੂੰ ਦਰਸਨ ਕਰਕੇ ਹੀ ਤ੍ਰਿਪਤੀ ਹੋਵੇਗੀ। ਬੇਸ਼ੱਕ ਕਿਤਨੇ ਹੀ ਸੁੱਖ ਦੇ ਸਾਧਨ ਪ੍ਰਾਪਤ ਹੋਣ ਪਰ ਦਰਸਨਾ ਦਾ ਪਿਆਸਾ ਦਰਸਨ ਕਰਕੇ ਹੀ ਪ੍ਰਸੰਨ ਹੋਵੇਗਾ। ਇਹ ਪਿਆਸ ਭੀ ਅੰਦਰੋਂ ਲੱਗਦੀ ਹੈ, ਬਾਹਰੋਂ ਨਹੀਂ। ਬਾਹਰ ਪਾਣੀ ਦੇ ਦਰਿਆ ਵਗ ਰਹੇ ਹੋਣ ਪਰ ਅੰਦਰ ਪਿਆਸ ਨਾ ਹੋਵੇ ਤਾਂ ਮਨੁੱਖ ਪਾਣੀ ਵੱਲ ਤੱਕਦਾ ਭੀ ਨਹੀਂ। ਜਦੋਂ ਅੰਦਰੋਂ ਪਿਆਸ ਲੱਗਦੀ ਹੈ, ਪਿਆਸ ਦਾ ਪ੍ਰਗਟਾਵਾ ਭੀ ਹੋ ਜਾਂਦਾ ਹੈ, ਬੋਲਣ ਦੀ ਭੀ ਲੋੜ ਨਹੀਂ ਪੈਂਦੀ। ਜਦ ਪਿਆਸ ਬਹੁਤ ਵੱਧ ਜਾਵੇ ਤਾਂ ਗੂੰਗੇ ਦੀ ਭੀ ਪ੍ਰਗਟ ਹੋ ਜਾਂਦੀ ਹੈ। ਕਈ ਵਾਰ ਕਿਸੇ ਮਨੁੱਖ ਦੀਆਂ ਅੱਖਾਂ ਵੇਖ ਕੇ ਕਹਿ ਦਿੰਦੇ ਹਾਂ ਕਿ ਬੰਦਾ ਬਹੁਤ ਗੁੱਸੇ ਵਿੱਚ ਹੈ ਪਰ ਕੋਈ ਕਹਿ ਸਕਦੈ ਕਿ ਬੰਦੇ ਦੀਆਂ ਅੱਖਾਂ ਗੁੱਸਾ ਕਰਦੀਆਂ ਹਨ? ਗੁੱਸਾ ਤਾਂ ਬੰਦੇ ਦੇ ਅੰਦਰ ਹੈ, ਅੱਖਾਂ ਰਾਹੀਂ ਪ੍ਰਗਟ ਹੋ ਰਿਹਾ ਹੈ। ਸ਼ਰਮ ਭੀ ਅੱਖਾਂ ਰਾਹੀਂ ਹੀ ਪ੍ਰਗਟ ਹੁੰਦੀ ਹੈ। ਮਨੁੱਖ ਦਾ ਪਿਆਰ ਰਹਿਣੀ ਬਹਿਣੀ, ਸੋਚਣੀ ਭੀ ਅੱਖਾਂ ਰਾਹੀਂ ਹੀ ਪ੍ਰਗਟ ਹੁੰਦੀ ਹੈ। ਇਸੇ ਤਰ੍ਹਾਂ ਦਰਸਨਾਂ ਦੀ ਪਿਆਸ ਭੀ ਅੱਖਾਂ ਰਾਹੀਂ ਪ੍ਰਗਟ ਹੋ ਜਾਂਦੀ ਹੈ। ਬਬੀਹੇ ਦੀ ਸਵਾਂਤੀ ਬੂੰਦ ਲਈ ਪਿਆਸ ਉਸਦੀ ਮਸਤੀ, ਉਸਦੀ ਪੁਕਾਰ ਤੋਂ ਪ੍ਰਗਟ ਹੋ ਜਾਂਦੀ ਹੈ। ਬਬੀਹਾ ਪ੍ਰਿਉ ਪ੍ਰਿਉ ਕਰਦਾ ਹੈ। ਬਾਬਾ ਨਾਨਕ ਜਦੋਂ ਬਾਲਕ ਅਵਸਥਾ ਵਿੱਚ ਸਨ। ਇਕ ਦਿਨ ਰਾਤ ਨੂੰ ਅਚਾਨਕ ਮਾਤਾ ਤ੍ਰਿਪਤਾ ਦੀ ਅੱਖ ਖੁੱਲ੍ਹ ਗਈ ਤੇ ਵੇਖਦੇ ਹਨ ਨਾਨਕ ਜਾਗਦਾ ਹੈ। ਬਾਲਕ ਨਾਨਕ ਨੂੰ ਪੁੱਛਦੇ ਹਨ ਬੇਟਾ! ਨੀਂਦ ਨਹੀਂ ਆਉਂਦੀ? ਬਾਲਕ ਨਾਨਕ ਨੇ ਜੁਆਬ ਦਿੱਤਾ, ਨੀਂਦ ਨਹੀਂ ਆਉਂਦੀ। ਮਾਤਾ ਜੀ ਕਹਿਣ ਲੱਗੇ ਕਿਸੇ ਵੈਦ ਨੂੰ ਬੁਲਾਵਾ ਕਿਉਂਕਿ ਨੀਂਦ ਨਾ ਆਉਣਾ ਤਾਂ ਸਰੀਰਕ ਰੋਗ ਹੈ। ਬਾਬਾ ਨਾਨਕ ਬੋਲੇ, ਮਾਤਾ! ਆਹ ਵੇਖ ਬਬੀਹਾ ਇਕੋ ਸਾਹੇ ਪ੍ਰਿਉ ਪ੍ਰਿਉ ਕਰੀ ਜਾਂਦੈ। ਇਸਨੂੰ ਭੀ ਸੱਜਣ ਦਾ ਵਿਛੋੜਾ ਹੈ, ਇਹ ਉਸਦੀ ਯਾਦ ਵਿੱਚ ਪ੍ਰਿਉ ਪ੍ਰਿਉ ਕਰੀ ਜਾਂਦੈ, ਸੌਂਦਾ ਨਹੀਂ। ਇਸਨੂੰ ਆਪਣੇ ਸੱਜਣ ਦੇ ਮਿਲਣ ਦੀ ਆਸ ਹੈ, ਪਿਆਸ ਹੈ। ਮਾਂ ਮੇਰੀਏ! ਜੇ ਇਹ ਨਹੀਂ ਸੌਂਦਾ ਤਾਂ ਤੇਰਾ ਬੇਟਾ ਨਾਨਕ ਕਿਵੇਂ ਸੌਂ ਜਾਏ? ਜੇ ਬਬੀਹੇ ਦੀ ਪੁਕਾਰ ਤੋਂ ਪਿਆਸ ਪ੍ਰਗਟ ਹੁੰਦੀ ਹੈ, ਮੱਛੀ ਦੇ ਤੜਫਣ ਤੋਂ ਉਸਦੀ ਪਿਆਸ ਪ੍ਰਗਟ ਹੁੰਦੀ ਹੈ ਤਾਂ ਮਨੁੱਖ ਦੀ ਪ੍ਰਭੂ ਦਰਸਨਾਂ ਦੀ ਪਿਆਸ ਉਸਦੀਆਂ ਅੱਖਾਂ ਤੇ ਬੈਰਾਗ ਤੋਂ ਪ੍ਰਗਟ ਹੁੰਦੀ ਹੈ। ਜੇ ਗੁਰਸਿੱਖ ਨੂੰ ਪ੍ਰਭੂ ਦੇ ਦਰਸਨਾਂ ਦੀ ਪਿਆਸ ਹੈ ਤਾਂ ਉਹ ਅੰਮ੍ਰਿਤ ਵੇਲੇ ਨਹੀਂ ਸੌਂ ਸਕਦਾ। ਗੁਰਸਿੱਖ ਆਲਸੀ ਨਹੀਂ ਹੋ ਸਕਦਾ।

ਸਿਮਰਤ ਨਾਮੁ ਰਿਦੈ ਸੁਖੁ ਪਾਇਆ।।
ਕਰਿ ਕਿਰਪਾ ਭਗਤੀ ਪ੍ਰਗਟਾਇਆ।।
ਸੰਤ ਸੰਗਿ ਮਿਲਿ ਹਰਿ ਹਰਿ ਜਪਿਆ
ਬਿਨਸੇ ਆਲਸ ਰੋਗਾ ਜੀਉ।। (ਪੰਨਾ ੧੦੮)

ਆਲਸ ਉਸ ਨੂੰ ਆਉਂਦਾ ਹੈ ਜਿਹੜਾ ਅਜੇ ਤੱਕ ਗੁਰੂ ਤੱਕ ਪਹੁੰਚ ਨਹੀਂ ਕਰ ਸਕਿਆ। ਗੁਰਸਿੱਖ ਦੀ ਅੰਮ੍ਰਿਤ ਵੇਲੇ ਅੱਖ ਖੁੱਲ ਜਾਏ ਤਾਂ ਉਹ ਸਿਮਰਨ ਕਰੇਗਾ, ਨਿਤਨੇਮ ਕਰੇਗਾ, ਗੁਰੂ ਘਰ ਵੱਲ ਦੌੜੇਗਾ। ਗੁਰਸਿੱਖ ਦੀ ਆਸ ਗੁਰੂ ਹੈ, ਗੁਰਸਿੱਖ ਦੀ ਪਿਆਸ ਗੁਰੂ ਹੈ। ਜਿਸ ਦਿਨ ਗੁਰੂ ਦੇ ਦਰਸਨ ਹੋ ਜਾਣਗੇ ਉਸਦੀ ਇਕ ਨਿਸ਼ਾਨੀ ਹੋਵੇਗੀ। ਨਾਮ ਨਾਲ ਪਿਆਰ ਹੋ ਜਾਵੇਗਾ। ਜੇ ਦਰਸਨ


www.AKJ.Org

ਕਰਕੇ ਭੀ ਨਾਮ ਨਾਲ ਪਿਆਰ ਨਹੀਂ ਬਣਿਆ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਤਾਂ ਸਮਰਥ ਹੈ ਪਰ ਅਜੇ ਅਸੀਂ ਗੁਰੂ ਦੇ ਦਰਸਨ ਨਹੀਂ ਕਰ ਸਕੇ, ਸਤਿਗੁਰੂ ਨੂੰ ਮਿਲ ਕੇ ਨਾਮ ਮਿੱਠਾ ਲੱਗਣਾ ਚਾਹੀਦਾ ਹੈ।

**"ਦਰਸਨ ਪਰਸਨ ਸਰਸਨ ਹਰਸਨ**
**ਰੰਗਿ ਰੰਗੀ ਕਰਤਾਰੀ ਰੇ।।"** (ਪੰਨਾ ੪੦੪)
**ਹਉ ਸਤਿਗੁਰ ਵੇਖਿ ਵਿਗਸਿਆ**
**ਹਰਿ ਨਾਮੇ ਲਗਾ ਪਿਆਰੁ।।** (ਪੰਨਾ ੭੫੮)

ਗੁਰੂ ਮਿੱਠਾ ਹੈ, ਉਸਦੀ ਬਾਣੀ ਮਿੱਠੀ ਹੈ। ਉਸਦਾ ਨਾਮ ਮਿੱਠਾ ਹੈ ਪਰ ਅਸੀਂ ਅਜੇ ਤੱਕ ਸੰਗ ਨਹੀਂ ਕੀਤਾ।

**ਸਤਿਗੁਰ ਦਰਸਨਿ ਅਗਨਿ ਨਿਵਾਰੀ।।**
**ਸਤਿਗੁਰ ਭੇਟਤ ਹਉਮੈ ਮਾਰੀ।।** (ਪੰਨਾ ੧੮੩)

ਸਤਿਗੁਰ ਦੇ ਦਰਸਨ ਕਰਨ ਨਾਲ ਤ੍ਰਿਸ਼ਨਾ ਦੀ ਅੱਗ ਤੇ ਹਉਮੈ ਦੂਰ ਹੋਵੇਗੀ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ ਸਿੰਘਾਸਨ, ਰੁਮਾਲਿਆਂ ਤੇ ਚੰਦੋਏ ਦੇ ਦਰਸਨ ਕਰਕੇ ਚਲੇ ਜਾਂਦੇ ਹਾਂ। ਅਸਲ ਦਰਸਨ ਤਾਂ ਗੁਰਸ਼ਬਦ ਦੇ ਦਰਸਨ ਹਨ। ਗੁਰਸ਼ਬਦ ਵਿੱਚ ਹੀ ਨਿਰੰਕਾਰ ਵਸਦਾ ਹੈ। ਦਰਸਨ ਚਾਰ ਪ੍ਰਕਾਰ ਦੇ ਮੰਨੇ ਗਏ ਹਨ, ਜਿਨ੍ਹਾਂ ਚੋਂ ਪਹਿਲਾ ਦਰਸਨ ਹੈ ਸ੍ਰਵਣ ਦਰਸਨ। ਪਹਿਲਾ ਨੇਤ੍ਰ ਦਰਸਨ ਨਹੀਂ ਹੁੰਦਾ, ਅੱਜ ਤੱਕ ਕਿਸੇ ਨੂੰ ਪਹਿਲੇ ਨੇਤ੍ਰ ਦਰਸਨ ਨਾ ਹੋਏ ਹਨ ਤੇ ਨਾ ਹੋਣਗੇ। ਗੁਲਾਬ ਨੂੰ ਅੱਖਾਂ ਨਾਲ ਵੇਖਦੇ ਹੋ, ਧੋਖਾ ਖਾ ਸਕਦੇ ਹੋ, ਅਸਲੀ ਹੈ ਕਿ ਬਨਾਵਟੀ। ਅਸਲੀ ਤੇ ਨਕਲੀ ਦਾ ਸੁਗੰਧੀ ਤੋਂ ਪਤਾ ਲੱਗਦਾ ਹੈ। ਇਸੇ ਤਰ੍ਹਾਂ ਪਹਿਲੋਂ ਸ੍ਰਵਣ ਦਰਸਨ ਹੈ। ਜਿਸਨੂੰ ਦੇਖਿਆ ਵੀ ਨਾ ਹੋਵੇ ਪਰ ਮਨ ਦੀਦਾਰ ਚਾਹੁੰਦਾ ਹੈ ਤਾਂ ਪਹਿਲੋਂ ਉਸਦੇ ਗੁਣ ਸੁਣੀਦੇ ਹਨ। ਸੁਣਦੇ ਸੁਣਦੇ ਮਨ ਵਿੱਚ ਚਾਉ ਪੈਦਾ ਹੁੰਦਾ ਹੈ ਕਿ ਉਹ ਕੈਸਾ ਹੋਵੇਗਾ ?

**ਪੂਛਉ ਸੰਤ ਮੇਰੋ ਠਾਕੁਰੁ ਕੈਸਾ।।** (ਪੰਨਾ ੧੨੩੭)

ਪਹਿਲਾਂ ਸਤਿਗੁਰੂ ਬਾਰੇ ਪ੍ਰਭੂ ਬਾਰੇ ਸੁਣਿਆ ਤੇ ਦਰਸਨ ਕਰਕੇ ਮਨ ਕਹਿੰਦਾ ਹੈ ਜੈਸਾ ਸੁਣਿਆ ਸੀ ਤੈਸਾ ਹੀ ਡਿਠਾ "**ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠੁ।।**" (ਪੰਨਾ ੯੫੭)

ਦੂਜੀ ਅਵਸਥਾ ਹੈ ਪਰਸਨ। ਜਦੋਂ ਸੁਰਤ ਸ਼ਬਦ ਨੂੰ ਸੁਣਦੀ ਹੈ ਇਹ ਪਹਿਲੀ ਅਵਸਥਾ ਹੈ। ਫਿਰ ਜਦੋਂ ਸੁਰਤ ਸ਼ਬਦ ਨੂੰ ਛੂੰਹਦੀ ਹੈ, ਇਹ ਪਰਸਨ ਹੈ, ਦੂਜੀ ਅਵਸਥਾ ਹੈ। ਜਦੋਂ ਸੁਰਤ ਸ਼ਬਦ ਨੂੰ ਵਿਚਾਰਦੀ ਹੈ, ਇਹ ਸਰਸਨ ਹੈ। ਜਦੋਂ ਸ਼ਬਦ ਦੇ ਤੱਤ ਨੂੰ ਅੰਦਰ ਪਾ ਲੈਂਦੀ ਹੈ ਇਹ ਹਰਸਨ ਹੈ। ਗੁਰਬਾਣੀ ਦਾ ਪਾਠ ਕਰਨ ਨਾਲ ਬਾਣੀ ਅੰਦਰ ਧਸਦੀ ਹੈ। ਵੀਚਾਰ ਕਰਨ ਨਾਲ ਬਾਣੀ ਅੰਦਰ
ਵਸਦੀ ਹੈ। ਕਮਾਈ ਕਰਨ ਨਾਲ ਬਾਣੀ ਅੰਦਰ ਰਸਦੀ ਹੈ
ਫਿਰ ਤਾਂ ਸੱਚੀ ਗੱਲ ਹੈ ਕਿ ਹਰ ਬੀਮਾਰੀ ਉਥੋਂ ਨੱਸਦੀ ਹੈ
ਜਿਥੇ ਬਾਣੀ ਵੱਸ ਗਈ ਉਥੇ ਫਿਰ ਖੇੜੇ ਹੀ ਖੇੜੇ ਹਨ
ਈਰਖਾ, ਹਉਮੈ ਆਦਿਕ ਵਿਕਾਰ ਨਸ ਜਾਂਦੇ ਹਨ। ਜ
ਸਾਂਈਂ ਦੇ ਗੁਣ ਅੰਦਰ ਵਸ ਜਾਣ ਤਾਂ ਸਾਈਂ ਦੇ ਦੀਦਾਰ ਲਈ
ਬਿਹਬਲਤਾ ਪੈਦਾ ਹੋ ਜਾਂਦੀ ਹੈ, ਮਨ ਵਿੱਚ ਚਾਉ ਉਪਜਦ
ਹੈ। ਸਾਈਂ ਦੇ ਦਰਸਨਾਂ ਲਈ ਤਾਂਘ ਵਧੇਗੀ, ਪਿਆ
ਵਧੇਗਾ, ਯਾਦ ਵਧੇਗੀ। ਇੱਕ ਦਿ.. ਐਸਾ ਆਵੇਗਾ ਸਾ
ਦੇ ਦਰਸਨਾਂ ਲਈ ਭਰੋਸਾ ਵੱਧ ਜਾਵੇਗਾ। ਫਿਰ ਤਾਂ ਜ
ਮਨੁੱਖ ਅੱਖਾਂ ਖੋਲ੍ਹੇਗਾ, ਪੱਤੇ ਪੱਤੇ ਚੋਂ ਸਾਈਂ ਦਿਸੇਗਾ। ਹੋ
ਕੋਈ ਨਹੀਂ ਦਿਸੇਗਾ, ਹੋਰ ਕਿਸੇ ਦੁਨਿਆਵੀ ਚੀਜ਼ ਨਾ
ਪਿਆਰ ਨਹੀਂ ਹੋਵੇਗਾ।

ਅਸੀਂ ਸਿਰਫ ਉਤੋਂ ਉਤੋਂ ਉਚੀ ਉਚੀ ਪੁਕਾ
ਕਰੀਏ, ਹੇ ਵਾਹਿਗੁਰੂ ! ਮੈਨੂੰ ਦਰਸਨ ਦਿਓ, ਮੈਨੂੰ ਦਰਸ
ਦਿਓ, ਗੱਲ ਨਹੀਂ ਬਣੇਗੀ। ਜਿਸ ਦਿਨ ਅੰਦਰ ਪਿਆ
ਪੈਦਾ ਹੋਵੇਗੀ, ਅੰਦਰੋਂ ਪੁਕਾਰ ਨਿਕਲੇਗੀ, ਅੰਦਰੋ
ਬਿਹਬਲਤਾ ਪੈਦਾ ਹੋਵੇਗੀ, ਅੰਦਰੋਂ ਹਉਕੇ ਨਿਕਲਣਗੇ
ਅੰਦਰੋਂ ਠੰਢੇ ਸਾਹ ਨਿਕਲਣਗੇ, ਫਿਰ ਤਾਂ ਨਾਂ ਘਰ ਚੇਤੇ ਹੈ ਨ
ਬਾਹਰ ਚੇਤੇ ਹੈ, ਹੇ ਨਿਰੰਕਾਰ ! ਸਿਰਫ ਤੂੰ ਹੀ ਚੇਤੇ ਹੋਵੇਂਗਾ

ਅਸੀਂ ਸਤਿਗੁਰੂ ਦੇ ਦਰਸਨ ਕਰਨ ਗੁਰੂ ਘ
ਜਾਂਦੇ ਹਾਂ ਪਰ ਜੇ ਦੁਨਿਆਵੀ ਵਾਸ਼ਨਾਵਾਂ ਛੱਡ ਕੇ ਸਤਿਗੁ
ਦੇ ਦਰਸਨਾਂ ਦੀ ਹੀ ਪਿਆਸ ਲੈ ਕੇ ਤੁਰ ਪਈਏ ਤੇ ਸਾਡ
ਪਿਆਸ ਨਾ ਬਦਲੇ ਤਾਂ ਇਹ ਗੱਲ ਯਕੀਨੀ ਹੈ, ਸਤਿਗੁ
ਆਪ ਅੱਗੋਂ ਸਿੱਖ ਨੂੰ ਲੈਣ ਲਈ ਤੁਰ ਪੈਣਗੇ, ਆਪ ਦੀਦਾ
ਦੇਣ ਲਈ ਤੁਰ ਪੈਣਗੇ। ਇੱਕ ਨੇਤਰਹੀਣ ਮਾਈ ਕਸ਼ਮੀ
ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਦਰਸਨਾਂ ਦ
ਪਿਆਸ ਰੱਖ ਕੇ ਬੈਠੀ ਸੀ। ਜਾਣੀਜਾਣ ਸਤਿਗੁਰੂ ਘੋੜੇ ਤੇ
ਸਵਾਰ ਸਨ ਤੇ ਘੋੜਾ ਦੀਵਾਰ ਤੋਂ ਟਪਾ ਕੇ ਵੇਹੜੇ ਵਿੱਚ ਜ
ਕੇ ਮਾਈ ਨੂੰ ਦਰਸਨ ਦੇ ਕੇ ਆਏ ਸਨ ਤੇ ਨੇਤ੍ਰਾਂ ਦੀ ਰੌਸ਼ਨ
ਭੀ ਦੇ ਕੇ ਆਏ ਸਨ। ਸਤਿਗੁਰੂ ਜਾਣਦੇ ਸਨ, ਮਾਈ
ਨੇਤ੍ਰਹੀਣ ਹੈ ਤੇ ਕੁੰਡਾ ਅੰਦਰੋਂ ਬੰਦ ਹੈ, ਸੋ ਦੀਵਾਰ ਟੱਪ ਕੇ
ਦਰਸਨ ਦੇ ਕੇ ਆਏ ਸਨ। ਜੇ ਅੰਦਰ ਸਤਿਗੁਰੂ, ਨਿਰੰਕਾਰ
ਦੇ ਦਰਸਨਾਂ ਲਈ ਆਸ ਹੋਵੇ, ਪਿਆਸ ਹੋਵੇ, ਫਿਰ ਤ
ਅਸੀਂ ਭੀ ਪੁੱਛੀਏ, ਹੇ ਸਖੀਓ ! ਮੈਨੂੰ ਭੀ ਦੱਸੋ ਤੁਸੀਂ ਪ੍ਰਭੂ ਨੂੰ
ਕਿਵੇਂ ਪਾਇਆ ਹੈ ?

**ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪਿਛੈ ਲਾਗਿ ਫਿਰਉ।**
**ਕਰਿ ਮਿੰਨਤ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।।੧।**
(ਪੰਨਾ ੪੧


www.AKJ.Org

# ਉੱਦਮ ਕਰੀਏ

( ਗਿ. ਜਸਵੰਤ ਸਿੰਘ ਜੀ ਬੀ.ਏ.ਬੀ.ਟੀ.)

ਸਿੰਘੋ! ਸੂਰਿਓ! ਆਓ ਖਾਂ ਉੱਦਮ ਕਰੀਏ,
ਵਿਹਲੀ ਸ਼ਰਮ ਨੂੰ ਸਰਮ ਕਰ ਚੁਕ ਦੇਈਏ।
ਠਕਣੀ ਮਾਇਆ ਭਰਮਾਏ ਜੋ ਭੇਸ ਕਰ ਕਰ,
ਨਜ਼ਰ ਹੇਠ ਨਾ, ਲਿਆਈਏ ਥੁਕ ਦੇਈਏ।
ਸੂਰਾ ਸਤਿਗੁਰੂ ਸਮਝੀਏ ਸਦਾ ਸਿਰ ਤੇ,
ਸੰਸੇ ਡਰ ਸੰਸਾਰ ਦੇ ਚੁਕ ਦੇਈਏ।
ਮਾਰੀਏ ਹੱਲਾ, ਹਾਲਾਤ ਨੂੰ ਹੌਲ ਪੈ ਜਾਏ,
ਭਬਕ ਮਾਰੀਏ ਵੈਰੀ ਧਮਕ ਦੇਈਏ।੧।
ਅੰਮ੍ਰਿਤ ਵੇਲਾ ਸੰਭਾਲਣਾ ਸਿਖ ਦਾ ਕਰਮ ਪਹਿਲਾ,
ਏਸ ਵਕਤ ਲਈ ਸੂਰਿਓ ਜੂਝ ਮਰੀਏ।
ਉਸ ਸਮੇਂ ਦੀ ਨੀਂਦ ਨੂੰ ਹਰਾਮ ਗਿਣੀਏਂ,
ਆਲਸ ਤਿਆਗੀਏ, ਇਸ਼ਨਾਨ ਦੀ ਸੂਝ ਕਰੀਏ।
ਸੌਣਾ ਉਸ ਵੇਲੇ ਸਿਖ ਨੂੰ ਸ਼ੋਭਦਾ ਨਹੀਂ,
ਸਿੰਘੋ ! ਸੂਰਿਓ ! ਆਓ ਖਾਂ ਉੱਦਮ ਕਰੀਏ।
ਖੰਡਾ ਖੂਬ ਖੜਕਾਈਏ ਨਾਮ ਵਾਲਾ,
ਵਾਧੂ ਸੋਚ, ਕਸੋਚ ਨੂੰ ਹੂੰਝ ਧਰੀਏ।੨।
ਚੁਬੇ ਲਾਈਏ ਸਤਸੰਗ ਦੇ ਸਰ ਅੰਦਰ,
ਉੱਦਮ ਕਰੋ ਇਹ ਮੋਰਚਾ ਸਰ ਹੋਵੇ।
ਨਿਤਨੇਮ ਸੰਗ ਪ੍ਰੇਮ ਨ ਭੰਗ ਹੋਵੇ,
ਰਹਿਤ ਨਿਭਾਉਣ ਵਿਚ ਸੰਗ ਨਾ ਡਰ ਹੋਵੇ।
ਵੀਰੋ ! ਕਰੋ ਅਰਦਾਸ ਸਵਾਸ ਨਾ ਜਾਏ ਖਾਲੀ,
ਸਿਮਰਨ ਬਿਨਾਂ ਨਾ ਪੂਰੜਾ ਘਰ ਹੋਵੇ।
ਸਿਘੋ! ਸੂਰਿਓ ! ਆਓ ਖਾਂ ਉੱਦਮ ਕਰੀਏ,
ਰਹਿਤ ਨਿਭਾਉਂਣ ਵਿਚ ਸੰਗ ਨ ਡਰ ਹੋਵੇ।੩।
ਸੁਚੇ ਹੋਵੀਏ ਕਾਰ ਵਿਹਾਰ ਅੰਦਰ,
ਹੋਸ਼ ਨਾਲ ਨਿਭਾਵੀਏ ਕਾਰ ਅਪਨੀ।
ਉਸਤਤ ਸੁਣ ਨਾ ਐਵੇਂ ਮਦਹੋਸ਼ ਹੋਈਏ,
ਖੁਸ਼ ਖੁਸ਼ ਨਿੰਦਿਆ ਲਈਏ ਸਹਾਰ ਅਪਨੀ।
ਸਾਂਹਵੇ ਅਫਸਰਾਂ ਦੇ ਐਵੇਂ ਨਾ ਕਾਂਪ ਖਾਈਏ,
ਸੁਰਤ ਹੇਠ ਦੇ, ਲਈਏ ਨਾ ਮਾਰ ਅਪਨੀ।
ਸੋਹਿਲੇ ਝੂਠੀ ਸਰਕਾਰ ਦੇ ਕੀ ਗਾਈਏ,
ਸਿਰ ਤੇ ਖੜ੍ਹੀ ਹੈ ਸਚੀ ਸਰਕਾਰ ਅਪਨੀ।੪।
ਨਿਸ਼ਚੇ ਵਿਚ ਬਿਤਾਵੀਏ ਦਿਨ ਆਪਣੇ,
ਸੰਸੇ ਵਿਚ ਸੂਰਿਓ ਡੋਲੀਏ ਨਾ।
ਦੁਖ ਦਸੀਏ ਸੁਖਾਂ ਦੇ ਦਾਤੜੇ ਨੂੰ,
ਸਾਹਵੇਂ ਗ਼ੈਰ ਦੇ ਦਿਲ ਫਰੋਲੀਏ ਨਾ।
ਰਜ਼ਾ ਵਿਚ ਕਰਤਾਰ ਜੋ ਰੱਖੇ ਰਾਜ਼ੀ,
ਤੁਲ ਏਸਦੇ ਸੁਖ ਕੋਈ ਤੋਲੀਏ ਨਾ।
ਧੰਧ ਬੰਧ ਤਾਂ ਫੰਧ ਨੇ ਆਤਮਾ ਲਈ,
ਰਤਨ ਜਨਮ ਇਹ ਘੱਟੇ ਵਿਚ ਰੋਲੀਏ ਨਾ।੫।

◎ ◎ ◎ ◎

# ਕਲਗੀ ਵਾਲੇ ਦੇ ਸਿਪਾਹ ਸਲਾਰ ਨੂੰ

## ਵਿਸ਼ੇਸ਼ ਸੰਬੋਧਨ

(ਪ੍ਰੋ: ਹਰਭਜਨ ਸਿੰਘ)

ਸਿੰਘੋ ਦੂਲਿਓ ਤੁਸੀਂ ਧਿਆਨ ਕਰ ਲੌ,
ਸਿੱਖੀ ਸਿਦਕ ਦਾ ਕਿਵੇਂ ਨਿਰਬਾਹ ਹੋਵੇ।
ਪਕੜ ਬੈਠੇ ਹਾਂ ਅਸੀਂ ਕੁਰੀਤੀਆਂ ਨੂੰ,
ਕਲਗੀ ਵਾਲੇ ਨੂੰ ਕਿਵੇਂ ਵਿਸਾਹ ਹੋਵੇ।
ਸਭ ਕੁਝ ਵਾਰਿਆ ਤੁਹਾਨੂੰ ਸਨਮਾਨ ਦਿੱਤਾ,
ਸਿੱਖੀ ਰਹਿਤ ਲਈ ਪ੍ਰੇਮ ਅਥਾਹ ਹੋਵੇ।
ਤੁਹਾੜੇ ਰੂਪ ਨੂੰ ਆਪਣਾ ਸਰੂਪ ਮੰਨਿਆ,
ਭਵਜਲ ਬੇੜੇ ਦਾ ਸਿੱਖ ਮਲਾਹ ਹੋਵੇ।
ਸਿੱਖੀ ਸ਼ਾਨ ਦਾ ਰੌਸ਼ਨ ਮੀਨਾਰ ਤੂੰ ਹੈ,
ਸਿੱਖ ਪੰਥ ਦਾ ਝੰਡੇ ਬਰਦਾਰ ਤੂੰ ਹੈ।
ਬੀਰ ਖਾਲਸਾ ਪੰਥ ਦਾ ਆਸ਼ੀਆਨਾ,
ਬਾਹਰੀ ਹਮਲਿਆਂ ਦਾ ਪਹਿਰੇਦਾਰ ਤੂੰ ਹੈ।
ਤੇਰੇ ਸਿਰ ਉੱਤੇ ਜ਼ੁਮੇਂਵਾਰੀਆਂ ਨੇ,
ਕਲਗੀ ਵਾਲੇ ਦਾ ਸਿਪਾਹ ਸਲਾਰ ਤੂੰ ਹੈ।
ਪੱਤਿਤਪੁਣੇ ਦੀ ਲਹਿਰ ਤੂੰ ਰੋਕ ਡੱਟ ਕੇ,
ਸਿੱਖੀ ਸਰਕਲ ਦੀ ਪੱਕੀ ਦੀਵਾਰ ਤੂੰ ਹੈ।



www.AKJ.Org

## ਬਾਪੂ ਜੀ ਤੇ ਬੱਚੇ (੧੩)

ਗਲੀ ਵਿੱਚ ਬੈਠੀਆਂ ਬੀਬੀਆਂ ਬੱਚਿਆਂ ਨਾਲ ਛੇੜਖਾਨੀ ਕਰ ਰਹੀਆਂ ਸਨ। ਇੱਕ ਬੀਬੀ ਵਾਰੋ ਵਾਰੀ ਛੋਟੇ ਲੜਕਿਆਂ ਵਲ ਇਸ਼ਾਰਾ ਕਰ ਕਰ ਕੇ ਛੋਟੀ ਬੱਚੀ ਨੂੰ ਪੁੱਛ ਰਹੀ ਸੀ ਕਿ ਤੈਂ ਕਿਸ ਨਾਲ ਵਿਆਹ ਕਰਵਾਉਣਾ ਹੈ ? ਜਦ ਉਸ ਨੇ ਅੰਮ੍ਰਿਤਪਾਲ ਵੱਲ ਉਂਗਲ ਕਰ ਕੇ ਪੁੱਛਿਆਂ ਕਿ ਕੀ ਤੈਂ ਇਸ ਨਾਲ ਵਿਆਹ ਕਰਵਾਉਣਾ ਹੈ ਤਾਂ ਉਸ ਨੇ ਹਾਂ ਕਰ ਦਿੱਤੀ। ਬਾਪੂ ਜੀ ਕੋਲ ਦੀ ਲੰਘ ਰਹੇ ਸਨ ਅਤੇ ਅੰਮ੍ਰਿਤਪਾਲ ਕਹਿ ਰਿਹਾ ਸੀ, "ਮੈਂ ਨਹੀਂ ਇਹਦੇ ਨਾਲ ਵਿਆਹ ਕਰਵਾਉਣਾ, ਇਹ ਤਾਂ ਗਹਿਣੇ ਮੰਗੇਗੀ ਪਾਉਣ ਲਈ, ਮੇਰਾ ਖਰਚ ਕਰਵਾਏਗੀ, ਮੈਂ ਤਾਂ ਸਿੰਘਣੀ ਨਾਲ ਵਿਆਹ ਕਰਵਾਊਂਗਾ।" ਰਾਤ ਨੂੰ ਜਦੋਂ ਬੱਚੇ ਬਾਪੂ ਜੀ ਕੋਲ ਕਹਾਣੀ ਸੁਣਨ ਚੌਬਾਰੇ ਤੇ ਗਏ ਤਾਂ ਬਾਪੂ ਜੀ ਅੰਮ੍ਰਿਤਪਾਲ ਨੂੰ ਇਉਂ ਪੁੱਛਣ ਲੱਗੇ-

**ਬਾਪੂ ਜੀ** : ਕਿਉਂ ਬਈ ਅੰਮ੍ਰਿਤਪਾਲ ! ਤੈਂ ਕਿਸ ਨਾਲ ਵਿਆਹ ਕਰਵਾਉਣਾ ਹੈ?

**ਅੰਮ੍ਰਿਤਪਾਲ** : ਸਿੰਘਣੀ ਨਾਲ।

**ਬਾਪੂ ਜੀ** : ਸਿੰਘਣੀ ਦੀ ਕੀ ਨਿਸ਼ਾਨੀ ਹੈ ?

**ਅੰਮ੍ਰਿਤਪਾਲ** : ਉਹ ਸਾਡੀ ਤਰਾਂ ਸਿਰ ਤੇ ਜੂੜਾ ਕਰ ਕੇ ਕੇਸਕੀ ਬੰਨ੍ਹ ਕੇ ਚੁੰਨ੍ਹੀ ਲੈਂਦੀ ਆ ।

**ਬਾਪੂ ਜੀ** : ਸਿੰਘਣੀ ਹੋਣ ਦੀ ਉਸ ਦੀ ਹੋਰ ਕੀ ਨਿਸ਼ਾਨੀ ਹੈ ?

**ਅੰਮ੍ਰਿਤਪਾਲ** : ਉਸ ਨੇ ਕ੍ਰਿਪਾਨ ਪਾਈ ਹੁੰਦੀ ਆ, ਉਹ ਦੇ ਹੱਥ ਵਿੱਚ ਕੜਾ ਹੁੰਦਾ ਆ।

**ਬਾਪੂ ਜੀ** : ਹੋਰ ?

**ਅੰਮ੍ਰਿਤਪਾਲ** : ਉਹ ਬਾਕੀ ਜਨਾਨੀਆਂ ਦੀ ਤਰਾਂ ਕੰਨਾਂ ਵਿੱਚ ਕਾਂਟੇ ਨਹੀਂ ਪਾਂਦੀ, ਨਾ ਹੀ ਉਹਦੇ ਨੱਕ ਵਿੱਚ ਕੋਕਾ ਹੁੰਦਾ ਆ।

**ਬਾਪੂ ਜੀ** : ਕੀ ਉਹ ਕੋਕਾ ਅਤੇ ਕਾਂਟਿਆਂ ਤੋਂ ਛੁੱਟ ਹੋਰ ਗਹਿਣੇ ਪਾ ਲੈਂਦੀ ਹੈ ?

**ਕੁਲਜੀਤ ਸਿੰਘ** : (ਵਿਚੋਂ ਬੋਲਦਾ ਹੋਇਆ) ਸਿੰਘਣੀਆਂ ਸੋਨੇ ਦੇ ਗਹਿਣੇ ਨਹੀਂ ਪਾਉਂਦੀਆਂ, ਉਨ੍ਹਾਂ ਨੇ ਵਾਹਿਗੁਰੂ ਨਾਮ ਦਾ ਹਾਰ ਪਾਇਆ ਹੁੰਦਾ ਹੈ।

**ਬਾਪੂ ਜੀ** : ਕੀ ਤੈਂ ਦੇਖਿਆ ਹੈ ?

**ਕੁਲਜੀਤ ਸਿੰਘ** : ਉਹ ਦਿਸਦਾ ਥੋੜ੍ਹੀ ਆ ?

**ਬਾਪੂ ਜੀ** : ਜੇ ਦਿਸਦਾ ਨਹੀਂ ਤਾਂ ਤੈਨੂੰ ਕਿਵੇਂ ਪਤਾ ?

**ਕੁਲਜੀਤ ਸਿੰਘ** : ਜਦੋਂ ਭੁਪਿੰਦਰ ਸਿੰਘ ਨੇ ਅੰਮ੍ਰਿਤ ਛਕਿਆ ਸੀ ਤਾਂ ਉਹ ਦੱਸਦਾ ਸੀ ਕਿ ਸਾਨੂੰ ਉਪਦੇਸ਼ ਦਿੱਤਾ ਗਿਆ ਹੈ ਕਿ ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣੀ ਹੈ, ਪੰਜ ਕਕਾਰ ਸਰੀਰ ਨਾਲੋਂ ਜੁਦਾ ਨਹੀਂ ਕਰਨੇ, ਕੁਰਹਿਤਾਂ ਤੋਂ ਬਚ ਕੇ ਰਹਿਣਾ ਹੈ। ਉਸ ਨੇ ਦੱਸਿਆ ਸੀ ਕਿ ਜਥੇਦਾਰ ਸਾਹਿਬ ਨੇ ਕਿਹਾ ਹੈ ਕਿ ਹੁਣ ਤੁਹਾਨੂੰ ਵਾਹਿਗੁਰੂ ਨਾਮ ਦਾ ਗਹਿਣਾ ਮਿਲ ਗਿਆ ਹੈ, ਉਠਦਿਆਂ ਬਹਿੰਦਿਆਂ, ਤੁਰਦਿਆਂ ਫਿਰਦਿਆਂ, ਕੰਮ ਕਾਰ ਕਰਦਿਆਂ "ਨਾਮ" ਜਪਦੇ ਰਹਿਣਾ।

**ਪ੍ਰਭਜੋਤ** : ਬਾਪੂ ਜੀ ! ਵਾਹਿਗੁਰੂ ਵਾਹਿਗੁਰੂ ਕਰਨ ਨਾਲ ਗਲ ਵਿੱਚ ਸੋਨੇ ਦਾ ਹਾਰ ਪੈ ਜਾਂਦਾ ਆ ?

**ਬਾਪੂ ਜੀ** : ਬੱਚੂ ! ਵਾਹਿਗੁਰੂ ਨਾਮ ਦਾ ਗਹਿਣਾ ਸੋਨੇ ਦੇ ਗਹਿਣਿਆਂ ਵਰਗਾ ਨਹੀਂ। ਨਾਮ ਰੂਪ ਗਹਿਣੇ ਨੂੰ ਕੋਈ ਚੁਰਾ ਨਹੀਂ ਸਕਦਾ, ਨਾ ਹੀ ਇਹ ਘਸਦਾ, ਟੁੱਟਦਾ ਭੱਜਦਾ ਅਤੇ ਮੈਲਾ ਹੁੰਦਾ ਹੈ। ਇਹ ਤਾਂ ਦਿਨੋ ਦਿਨ ਵਧੇਰੇ ਲਿਸ਼ਕਾਂ ਮਾਰਦਾ ਹੈ।

**ਕੁਲਜੀਤ ਸਿੰਘ** : ਜੇ ਇਹ ਬਾਕੀ ਗਹਿਣਿਆਂ ਵਾਂਗ ਦਿਸਦਾ ਨਹੀਂ ਤਾਂ ਲਿਸ਼ਕਾਂ ਕਿਵੇਂ ਮਾਰਦਾ ਹੈ ?

**ਬਾਪੂ ਜੀ** : ਬੱਚਿਓ ! ਨਾਮ ਜਪਣ ਵਾਲਿਆਂ ਦੇ ਚਿਹਰੇ ਤੋਂ ਨੂਰ ਟਪਕਦਾ ਹੈ, ਉਨ੍ਹਾਂ ਦੇ ਚਿਹਰੇ ਤੇ ਲਾਲੀ ਚੜ੍ਹੀ ਰਹਿੰਦੀ ਹੈ। ਜਿਉਂ ਜਿਉਂ ਉਹ "ਨਾਮ" ਵਿੱਚ ਸੁਰਤਿ ਜੋੜਦੇ ਹਨ ਉਨ੍ਹਾਂ ਦੇ ਚਿਹਰੇ ਦੀ ਚਮਕ ਦਮਕ ਵਧਦੀ ਜਾਂਦੀ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਬੀਜੀ (ਬੀਬੀ ਜੀ) ਕੋਲ ਇੱਕ ਮਾਲਾ ਆ। ਜਦੋਂ ਉਹ ਫੇਰਦੀ ਫੇਰਦੀ ਥੱਕ ਜਾਂਦੀ ਆ ਤਾਂ ਉਹ ਗਲ ਵਿੱਚ ਪਾ ਕੇ ਸੌਂ ਜਾਂਦੀ ਆ। ਰਾਤ ਨੂੰ ਸੁੱਤੀ ਪਈ ਦੇ ਗਲ ਵਿੱਚ ਪਾਈ ਮਾਲਾ ਬਹੁਤ ਚਮਕਦੀ ਆ।

**ਪ੍ਰਭਜੋਤ** : ਬਾਪੂ ਜੀ ਠੀਕ ਈ ਤਾਂ ਕਹਿੰਦੇ ਆ "ਨਾਮ" ਦਾ ਹਾਰ ਬਹੁਤ ਲਿਸ਼ਕਾਂ ਮਾਰਦਾ ਆ।

**ਅੰਮ੍ਰਿਤਪਾਲ** : ਮਾਲਾ ਕਿਤੇ ਸੋਨੇ ਦਾ ਹਾਰ ਆ ?

**ਪ੍ਰਭਜੋਤ** : ਬੀਜੀ ਦੇ ਗਲ ਵਿੱਚ ਪਾਈ ਮਾਲਾ ਤਾਂ ਸੋਨੇ ਦੇ ਹਾਰ ਨਾਲੋਂ ਵੀ ਵੱਧ ਚਮਕਦੀ ਆ।

**ਅੰਮ੍ਰਿਤਪਾਲ** : "ਨਾਮ" ਜਪਣ ਦੀ ਮਾਲਾ ਜੁ ਹੋਈ।

**ਬਾਪੂ ਜੀ** : ਬੱਚਿਓ ! ਜਿਹੜੀ ਮਾਲਾ ਤੁਹਾਡੀ ਬੀਜੀ ਕੋਲ ਹੈ ਉਸ ਦੇ ਮਣਕੇ ਰੇਡੀਅਮ ਵਾਲੇ ਹਨ ਜਿਸ ਕਰਕੇ ਹਨ੍ਹੇਰੇ ਵਿੱਚ ਚਮਕਦੇ ਹਨ, ਨਾਮ ਦੀ ਅਸਲੀ ਮਾਲਾ ਸੁਆਸਾਂ ਦੇ ਉੱਤੇ ਥੱਲੇ ਜਾਣ ਨਾਲ ਚਲਦੀ ਹੈ ਜਿਵੇਂ ਹਲ੍ਹਟ ਦੇ ਗਿੜਨ ਨਾਲ ਟਿੰਡਾਂ ਵਾਲੀ ਮਾਲ੍ਹ ਖੂਹ ਵਿਚੋਂ ਪਾਣੀ ਭਰ ਭਰ ਬਾਹਰ ਲਿਆਉਂਦੀ ਹੈ।

**ਪ੍ਰਭਜੋਤ** : ਕੀ ਸਾਡੇ ਅੰਦਰ ਕੋਈ ਖੂਹ ਲੱਗਿਆ ਹੋਇਆ ?

**ਬਾਪੂ ਜੀ** : ਹਾਂ।

**ਪ੍ਰਭਜੋਤ** : ਦਿਸਦਾ ਤੇ ਹੈ ਨਹੀਂ।



www.AKJ.Org

**ਅੰਮ੍ਰਿਤਪਾਲ** : ਜਿਹੜਾ ਅਸੀਂ ਪਾਣੀ ਪੀਂਦੇ ਆਂ ਉਹ ਖੂਹ ਵਿਚ ਈ ਜਾਂਦਾ ਆ।

**ਕੁਲਜੀਤ ਸਿੰਘ** : ਖੂਹ ਵਿਚੋਂ ਤਾਂ ਪਾਣੀ ਪੀਣ ਵਾਸਤੇ ਕੱਢੀਦਾ ਹੈ, ਉਸ ਵਿੱਚ ਸੁੱਟੀ ਦਾ ਥੋੜ੍ਹੀ ਆ ?

**ਬਾਪੂ ਜੀ** : ਬੱਚਿਓ ! ਜਦੋਂ ਅਸੀਂ ਰਸਨਾ (ਜੀਭ) ਨਾਲ ਨਾਮ ਜਪਦੇ ਹਾਂ ਤਾਂ ਕੰਠ (ਗਲੇ) ਦੇ ਰਾਹੀਂ ਸਾਡੇ ਸੁਆਸ ਥੱਲੇ ਉੱਤੇ ਜਾਂਦੇ ਹਨ, ਮੂੰਹ ਦੇ ਵਿੱਚ ਜੀਭ ਹਿੱਲਦੀ ਹੈ। ਮੂੰਹ ਵਿੱਚ ਹਿਲ ਰਹੀ ਜੀਭ ਮੂੰਹ ਵਿਚਲੇ ਲੁਆਬ (ਲੇਸਦਾਰ ਪਾਣੀ) ਨੂੰ ਰਿੜਕਦੀ ਹੈ, ਮਾਨੋਂ ਅੰਮ੍ਰਿਤ ਤਿਆਰ ਕਰਨ ਵਾਲੇ ਬਾਟੇ ਵਿੱਚ ਜੀਭ ਰੂਪ ਖੰਡਾਂ ਫਿਰ ਰਿਹਾ ਹੁੰਦਾ ਹੈ। ਲੁਆਬ ਵਿੱਚ ਘੁਲਿਆ "ਨਾਮ" (ਗੁਰਮੰਤ੍ਰ) ਅੰਮ੍ਰਿਤ ਬਣ ਕੇ ਸਾਡੇ ਸਰੀਰ ਅੰਦਰ ਚਲਿਆ ਜਾਂਦਾ ਹੈ ਜਿਸ ਨਾਲ ਸਾਡਾ ਸਰੀਰ ਰੂਪੀ ਖੇਤ ਸਿੰਜ ਹੋ ਕੇ ਹਰਿਆ ਭਰਿਆ ਹੋ ਜਾਂਦਾ ਹੈ। ਨਾਮ ਰੂਪੀ ਫਸਲ ਟਹਿਕਾਂ ਮਾਰਦੀ ਹੈ, ਖੁਸ਼ਬੋ ਪੈਦਾ ਕਰਦੀ ਹੈ, ਅੱਖਾਂ ਨੂੰ ਤਰਾਵਟ ਬਖਸ਼ਦੀ ਹੈ। ਫਲਸਰੂਪ ਅੱਖਾਂ ਵਿਚੋਂ ਨੂਰ ਚਮਕਣ ਲੱਗ ਪੈਂਦਾ ਹੈ।

ਬੱਚਿਓ ! ਅੰਮ੍ਰਿਤ ਨਾਮ ਦੇ ਸਰੀਰ ਅੰਦਰ ਜਾਣ ਨਾਲ ਸਾਡਾ ਸਰੀਰ ਰਿਸ਼ਟ ਪੁਸ਼ਟ ਹੋ ਜਾਂਦਾ ਹੈ ਅਤੇ ਅਸੀਂ ਬਲਵਾਨ (ਤਕੜੇ) ਹੋ ਜਾਂਦੇ ਹਾਂ। ਸਾਡੇ ਵਿੱਚ ਅਥਾਹ ਸ਼ਕਤੀ ਪੈਦਾ ਹੋ ਜਾਂਦੀ ਹੈ, ਸਾਡੇ ਅੱਗੇ ਕੋਈ ਐਰਾ ਗੈਰਾ ਖੜ੍ਹ ਨਹੀਂ ਸਕਦਾ, ਵੱਡੇ ਵੱਡੇ ਕਹਿੰਦੇ ਕਹਾਉਂਦੇ ਯੋਧੇ ਮੋਕ ਮਾਰਨ ਲੱਗ ਪੈਂਦੇ ਹਨ।

**ਕੁਲਜੀਤ ਸਿੰਘ** : ਦਸਮੇਸ਼ ਪਿਤਾ ਜੀ ਨੇ ਤਾਹੀਓ ਤੇ ਕਿਹਾ ਹੈ-

"ਚਿੜੀਓਂ ਸੇ ਮੈ ਬਾਜ ਤੁੜਾਊ,
ਸਵਾ ਲਾਖ ਸੇ ਏਕ ਲੜਾਊ,
ਤਬੇ ਗੋਬਿੰਦ ਸਿੰਘ ਨਾਮ ਕਹਾਊ।"

**ਬਾਪੂ ਜੀ** : ਬੱਚਿਓ ! ਅਜੇਹੀ ਸ਼ਕਤੀ "ਨਾਮ" ਦੇ ਹੀ ਤੁਫੈਲ ਹੈ। "ਨਾਮ" ਦੁਆਈ ਬਣ ਕੇ ਸਾਡੇ ਸਰੀਰਕ ਰੋਗ ਦੂਰ ਕਰ ਦਿੰਦਾ ਹੈ ਅਤੇ ਮਨ ਦੀ ਮੈਲ ਕੱਟ ਕੇ ਸਾਡਾ ਮਨੋ-ਬਲ ਵਧਾ ਦਿੰਦਾ ਹੈ। ਗੁਰੂ ਦੀ ਓਟ ਆਸਰਾ ਲਿਆਂ ਸਾਡੀ ਹਰ ਮੈਦਾਨ ਫਤਹ ਹੁੰਦੀ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਸੁਖਮਨੀ ਸਾਹਿਬ ਦੇ ਪਾਠ ਵਿੱਚ ਇੱਕ ਤੁਕ ਆਂਦੀ ਹੈ-"**ਸਰਬ ਰੋਗ ਕਾ ਅਉਖਦੁ ਨਾਮੁ।**" ਇਸ ਦਾ ਕੀ ਮਤਲਬ ਹੈ ?

**ਬਾਪੂ ਜੀ** : ਇਸ ਦਾ ਮਤਲਬ ਹੈ ਕਿ ਨਾਮ ਸਾਰੀਆਂ ਬੀਮਾਰੀਆਂ ਦੀ ਦੁਆਈ ਹੈ।

**ਪ੍ਰਭਜੋਤ** : (ਵਿਚੋਂ ਬੋਲਦਾ ਹੋਇਆ) ਅੰਮ੍ਰਿਤਪਾਲ ! ਤੂੰ ਬਾਪੂ ਜੀ ਕੋਲੋਂ ਪੁੱਛ ਲੈ, ਇਹ ਦੁਆਈ ਕਿੱਥੋਂ ਮਿਲਦੀ ਆ। ਤੂੰ ਵੀ ਇਹੋ ਦੁਆਈ ਖਾਇਆ ਕਰ, ਐਮੀਂ ਹੋਰ ਹੋਰ ਡਾਕਟਰਾਂ ਕੋਲ ਨਾ ਭੱਜਿਆ ਫਿਰ।

**ਅੰਮ੍ਰਿਤਪਾਲ** : ਬਾਪੂ ਜੀ ! ਸਾਰੇ ਰੋਗਾਂ ਦੀ ਇਹ ਦੁਆਈ ਕਿੱਥੋਂ ਮਿਲਦੀ ਆ ?

**ਬਾਪੂ ਜੀ** : ਇਹ ਦੁਆਈ ਮਿਲਦੀ ਹੈ "ਵੈਦ ਗੁਰੂ" ਕੋਲੋਂ।

**ਅੰਮ੍ਰਿਤਪਾਲ** : ਉਸ ਦੀ ਦੁਕਾਨ ਕਿੱਥੇ ਆ ?

**ਬਾਪੂ ਜੀ** : ਉਸ ਦੀਆਂ ਬ੍ਰਾਚਾਂ ਤਾਂ ਬਹੁਤ ਸਾਰੇ ਸ਼ਹਿਰਾਂ ਤੇ ਪਿੰਡਾਂ ਵਿੱਚ ਹਨ।

**ਅੰਮ੍ਰਿਤਪਾਲ** : ਦੁਕਾਨ ਤੇ ਕੀ ਨਾਮ ਲਿਖਿਆ ਹੁੰਦਾ।

**ਬਾਪੂ ਜੀ** : ਗੁਰ-ਦੁਆਰਾ।

**ਪ੍ਰਭਜੋਤ** : ਗੁਰਦੁਆਰਾ ਤਾਂ ਸਾਡੇ ਮੁਹੱਲੇ ਵਿੱਚ ਵੀ ਆ।

**ਬਾਪੂ ਜੀ** : ਬੱਸ ! ਉਹੀਉ ਮੇਰੇ "ਵੈਦ-ਗੁਰੂ" ਦੀ ਦੁਕਾਨ ਹੈ। ਉਥੋਂ ਹੀ ਸਾਰੇ ਰੋਗਾਂ ਨੂੰ ਦੂਰ ਕਰਨ ਦੀ ਨਾਮ ਰੂਪੀ ਦੁਆਈ ਮਿਲਦੀ ਹੈ।

**ਅੰਮ੍ਰਿਤਪਾਲ** : ਪੈਸੇ ਕਿੰਨੇ ਕੁ ਲਗਦੇ ਆ ?

**ਬਾਪੂ ਜੀ** : ਨਾਮ ਰੂਪ ਦੁਆਈ ਪੈਸਿਆਂ ਤੋਂ ਨਹੀਂ ਮਿਲਦੀ। ਪੈਸੇ ਤਾਂ ਗੁਰੂ ਦੇ ਹੀ ਦਿੱਤੇ ਹੋਏ ਹਨ। ਇਹ ਦੁਆਈ ਲੈਣ ਵਾਸਤੇ ਤਾਂ ਸਿਰ ਦੇਣਾ ਪੈਂਦਾ ਹੈ।

**ਪ੍ਰਭਜੋਤ** : ਕੀ ਗਾਟਾ ਲਾਹ ਕੇ ਗੁਰੂ ਅੱਗੇ ਰੱਖਣਾ ਪੈਂਦਾ ਹੈ ?

**ਬਾਪੂ ਜੀ** : ਹਾਂ।

**ਅੰਮ੍ਰਿਤਪਾਲ** : ਗਾਟਾ ਲਹਿਣ ਨਾਲ ਤਾਂ ਬੰਦਾ ਮਰ ਜਾਂਦਾ ਆ।

**ਬਾਪੂ ਜੀ** : ਗੁਰੂ ਮੋਇਆ ਨੂੰ ਹੀ ਤੇ ਜੀਉਂਦਾ ਕਰਦਾ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੇ ਗਾਟੇ ਲਾਹ ਕੇ ਹੀ ਜੀਂਦਾ ਕੀਤਾ ਸੀ।

**ਬਾਪੂ ਜੀ** : ਹਾਂ ! ਹਾਂ !

"ਸਤਿਗੁਰ ਮੇਰਾ ਮਾਰਿ ਜੀਵਾਲੈ।" ਪੰਨਾ ੧੧੪੨)

**ਅੰਮ੍ਰਿਤਪਾਲ** : ਬਾਪੂ ਜੀ ! ਪੰਜਾਂ ਪਿਆਰਿਆਂ ਨੂੰ ਗਾਟੇ ਕਟਾਉਂਦਿਆਂ ਡਰ ਨਾ ਲੱਗਾ ? .......ਮੈਨੂੰ ਤੇ ਨੰਗੀ ਕ੍ਰਿਪਾਨ ਦੇਖ ਕੇ ਬਹੁਤ ਡਰ ਲਗਦਾ ਆ।

**ਪ੍ਰਭਜੋਤ** : ਤੂੰ ਤੇ ਡਰਾਕਲ ਏਂ।

**ਅੰਮ੍ਰਿਤਪਾਲ** : ਤੂੰ ਕਿਹੜਾ ਸ਼ੇਰ ਏਂ ?

**ਪ੍ਰਭਜੋਤ** : ਥੋਹੜਾ ਵੱਡਾ ਹੋ ਕੇ ਮੈਂ ਅੰਮ੍ਰਿਤ ਛਕ ਕੇ ਸ਼ੇਰ ਈ ਬਣ ਜਾਣਾ ਆ। ....ਕਿਉਂ ਬਾਪੂ ਜੀ ! ਬੰਦੇ ਅੰਮ੍ਰਿਤ ਛਕ ਕੇ ਸਿੰਘ ਨਹੀਂ ਬਣ ਜਾਂਦੇ ?

**ਬਾਪੂ ਜੀ** : ਇਸ ਵਿੱਚ ਕੀ ਸ਼ੱਕ ? ਸਿੰਘ, ਸ਼ੇਰ ਹੀ ਤਾਂ ਹੁੰਦੇ ਹਨ, ਬਹਾਦਰ ਸੂਰਮੇ।

**ਕੁਲਜੀਤ ਸਿੰਘ** : ਬਾਪੂ ਜੀ ! ਸਿੰਘ ਸੂਰਮੇ ਹਰੀ ਸਿੰਘ ਨਲਵਾ



www.AKJ.Org

ਦੀ ਧਾਂਕ ਅੱਜ ਤੱਕ ਪਸ਼ਾਵਰ ਤੋਂ ਪਾਰਲੇ ਪਠਾਣੀ ਇਲਾਕੇ ਵਿੱਚ ਮੰਨੀ ਜਾਂਦੀ ਹੈ। ਉੱਧਰਲੇ ਇਲਾਕੇ ਵਿੱਚ ਲੋਕ ਆਪਣੇ ਬੱਚਿਆਂ ਨੂੰ ਰੋਂਦਿਆਂ ਚੁੱਪ ਕਰਾਉਣ ਲਈ ਹਰੀ ਸਿੰਘ ਨਲਵਾ ਦੇ ਨਾਮ ਦਾ ਡਰਾਵਾ ਦਿੰਦੇ ਹਨ।

**ਬਾਪੂ ਜੀ** : ਹਾਂ ਬੱਚਿਓ ! ਪਠਾਣੀ ਮਾਵਾਂ ਆਪਣੇ ਰੋਂਦੇ ਬੱਚਿਆਂ ਨੂੰ "ਚੁੱਪ ਸ਼ਾ! ਹਰੀਆ ਰਾਗਲੈ" ਕਹਿ ਕੇ ਹੀ ਚੁੱਪ ਕਰਾਉਂਦੀਆਂ ਹਨ।

**ਅੰਮ੍ਰਿਤਪਾਲ** : "ਚੁੱਪ ਸ਼ਾ ! ਹਰੀਆ ਰਾਗਲੈ" ਦਾ ਕੀ ਮਤਲਬ ?

**ਬਾਪੂ ਜੀ** : ਇਸ ਦਾ ਮਤਲਬ ਹੈ - "ਚੁੱਪ ਕਰ ਜਾ, ਹਰੀ ਸਿੰਘ ਨਲਵਾ ਆ ਰਿਹਾ ਹੈ।"

**ਕੁਲਜੀਤ ਸਿੰਘ** : ਅੱਜ ਕੱਲ ਤਾਂ ਏਦਾਂ ਦੇ ਸਿੰਘ ਨਜ਼ਰ ਨਹੀਂ ਆਉਂਦੇ।

**ਬਾਪੂ ਜੀ** : ਅੱਜ ਕੱਲ ਵੀ ਅਜਿਹੇ ਸੂਰਮੇ ਹਨ ਪਰ ਹੈਨ ਵਿਰਲੇ।

**ਕੁਲਜੀਤ ਸਿੰਘ** : ਵਿਰਲੇ ਕਿਉਂ ? ਹਰ ਕੋਈ ਆਪਣੇ ਆਪ ਨੂੰ ਸਿੰਘ ਕਹਾਉਣ ਵਾਲਾ ਪਿਛਲੇ ਸਿੰਘਾਂ ਵਰਗਾ ਬਹਾਦਰ ਕਿਉਂ ਨਹੀਂ ਹੈ ?

**ਬਾਪੂ ਜੀ** : ਕਿਉਂ ਕਿ ਉਨ੍ਹਾਂ ਦੇ ਅੰਦਰੋਂ ਥੰਮ੍ਹੀਂ ਹਿੱਲ ਗਈ ਹੈ।

**ਕੁਲਜੀਤ ਸਿੰਘ** : ਕਿਹੜੀ ਥੰਮ੍ਹੀ ?

**ਬਾਪੂ ਜੀ** : ਨਾਮ ਦੀ ਥੰਮ੍ਹੀ।

**ਕੁਲਜੀਤ ਸਿੰਘ** : ਨਾਮ ਦੀ ਥੰਮ੍ਹੀ ਦਾ ਕੀ ਮਤਲਬ ?

**ਬਾਪੂ ਜੀ** : ਪਿੱਛੇ ਲੋਕੀਂ ਆਮ ਕਰ ਕੇ ਆਪਣੇ ਘਰਾਂ ਤੇ ਬਾਲੇ ਸ਼ਤੀਰੀਆਂ ਦੀ ਛੱਤ ਪਾਇਆ ਕਰਦੇ ਸਨ। ਲੰਬੀਆਂ ਸ਼ਤੀਰੀਆਂ ਨੂੰ ਲਿਫਣੋਂ ਰੋਕਣ ਵਾਸਤੇ ਉਨ੍ਹਾਂ ਦੇ ਥੱਲੇ ਥੰਮ੍ਹੀਆਂ ਖੜ੍ਹੀਆਂ ਕਰ ਦਿੰਦੇ ਸਨ। ਥੰਮ੍ਹੀ ਦੇ ਖਿਸਕ ਜਾਣ ਨਾਲ ਛੱਤ ਦੇ ਡਿੱਗਣ ਦਾ ਖਤਰਾ ਪੈਦਾ ਹੋ ਜਾਂਦਾ ਹੈ। "ਨਾਮ" ਇੱਕ ਪ੍ਰਕਾਰ ਦੀ ਸਾਡੇ ਮਨੋਬਲ ਨੂੰ ਉੱਚਾ ਰੱਖਣ ਅਰਥਾਤ ਸਾਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਇੱਕ ਪ੍ਰਕਾਰ ਦੀ ਥੰਮ੍ਹੀ ਹੈ। ਜੇ ਨਾਮ ਰੂਪ ਥੰਮ੍ਹੀ ਨਾ ਹੋਵੇ ਜਾਂ ਖਿਸਕ ਜਾਏ ਤਾਂ ਛੱਤ ਡਿੱਗਣ ਦਾ ਖਤਰਾ ਹੀ ਖਤਰਾ ਹੈ।

ਬੱਚਿਓ ! ਪਹਿਲੀ ਗੱਲ ਤੇ ਇਹ ਹੈ ਕਿ ਅਸੀਂ ਆਪਣੇ ਮਨ ਨੂੰ ਨਾਮ ਰੂਪ ਥੰਮ੍ਹੀ ਦਾ ਆਸਰਾ ਹੀ ਨਹੀਂ ਦਿੰਦੇ, ਜੇ ਆਸਰਾ ਦੇ ਹੀ ਲੈਂਦੇ ਹਾਂ ਤਾਂ ਇਸ ਨੂੰ ਖਿਸਕਣ ਤੋਂ ਬਚਾ ਕੇ ਰੱਖਣ ਦਾ ਉਪਰਾਲਾ ਨਹੀਂ ਕਰਦੇ।

**ਕੁਲਜੀਤ ਸਿੰਘ** : ਬਾਪੂ ਜੀ ! ਇਹ ਗਲ ਸਮਝ ਨਹੀਂ ਪਈ, ਜ਼ਰਾ ਖੋਲ੍ਹ ਕੇ ਸਮਝਾਓ।

**ਬਾਪੂ ਜੀ** : ਅੰਮ੍ਰਿਤ ਛਕਣਾ, ਮਨ ਰੂਪੀ ਛੱਤ ਥੱਲੇ ਥੰਮ੍ਹੀਂ ਦੇਣ ਹੈ। ਕੁਰਹਿਤਾਂ ਤੋਂ ਬਚ ਕੇ ਰਹਿਣਾ ਅਤੇ ਰਹਿਤ ਬਹਿਤ ਵਿੱਚ ਪੱਕੇ ਰਹਿਣਾ ਨਾਮ ਰੂਪ ਥੰਮ੍ਹੀਂ ਨੂੰ ਖਿਸਕਣ ਤੋਂ ਬਚਾਉਣਾ ਹੈ। ਜਿਹੜੇ ਲੋਕੀਂ ਅੰਮ੍ਰਿਤ ਨਹੀਂ ਛਕਦੇ ਉਨ੍ਹਾਂ ਦੀ ਮਨ ਰੂਪ ਛੱਤ ਥੱਲੇ ਤਾਂ ਥੰਮ੍ਹੀਂ ਹੈ ਹੀ ਨਹੀਂ। ਜਿਹੜੇ ਅੰਮ੍ਰਿਤ ਛਕ ਕੇ ਪੂਰਨ ਰਹਿਤ ਨਹੀਂ ਰੱਖਦੇ, ਕੁਰਹਿਤਾਂ ਕਰਨ ਲੱਗ ਜਾਂਦੇ ਹਨ ਉਨ੍ਹਾਂ ਦੀ ਥੰਮ੍ਹੀਂ ਖਿਸਕ ਜਾਂਦੀ ਹੈ, "ਨਾਮ" ਵਿਸਾਰ ਕੇ ਡਾਵਾਂ ਡੋਲ ਹੋ ਜਾਂਦੇ ਹਨ। ਨਾਮ ਹੀਣ ਬੰਦਿਆਂ ਵਾਰੇ ਗੁਰੂ ਸਾਹਿਬ ਲਿਖਦੇ ਹਨ-

**ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ।।**
(ਪੰਨਾ ੧੦੬੪)

**ਕੁਲਜੀਤ ਸਿੰਘ** : ਇਹਦਾ ਕੀ ਮਤਲਬ ?

**ਬਾਪੂ ਜੀ** : ਇਸ ਤੁਕ ਦਾ ਮਤਲਬ ਇਹ ਹੈ ਕਿ ਬਿਨਾ ਨਾਮ ਤੋਂ ਮਨ ਤੇ ਤਨ ਕੋਹੜੀ ਹਨ ਅਤੇ ਨਾਮ-ਹੀਣ ਬੰਦਿਆਂ ਨੂੰ ਨਰਕ ਵਿੱਚ ਵਾਸਾ ਮਿਲਦਾ ਹੈ।

**ਕੁਲਜੀਤ ਸਿੰਘ** : ਕੋਹੜੀਆਂ ਦੀ ਵੀ ਕੋਈ ਜ਼ਿੰਦਗੀ ਆ ? ਨਰਕ ਹੀ ਭੋਗਦੇ ਆ।

**ਬਾਪੂ ਜੀ** : ਬੱਚਿਓ ! ਸਤਿਗੁਰੂ ਦੇ ਬਚਨ ਸਤਿ (ਸੱਚੇ) ਹਨ। ਜਿਵੇਂ ਪਰਮਾਤਮਾ ਨੇ ਇਸ਼ਾਰਾ ਕੀਤਾ, ਸਤਿਗੁਰੂ ਨੇ ਕਹਿ ਦਿੱਤਾ। ਇਸੇ ਕਰ ਕੇ ਗੁਰੂ ਦੀ ਬਾਣੀ (ਗੁਰਬਾਣੀ) ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਗੁਰੂ ਸਾਹਿਬ ਨੇ ਇਸ ਨੂੰ "ਸਤਿ" ਕਰ ਕੇ ਮੰਨਣ ਦਾ ਹੁਕਮ ਕੀਤਾ ਹੈ-

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ।।** (ਪੰਨਾ ੩੦੮)

**ਕੁਲਜੀਤ ਸਿੰਘ** : ਬਾਪੂ ਜੀ ! ਜਿਹੜੇ ਬੰਦੇ ਅੰਮ੍ਰਿਤ ਛਕ ਕੇ ਉਲਟੇ ਰਾਹ ਪੈ ਜਾਂਦੇ ਹਨ, ਗੁਰੂ ਦੇ ਹੁਕਮਾਂ ਦੀ ਪਰਵਾਹ ਨਹੀਂ ਕਰਦੇ, ਗੁਰੂ ਵਲੋਂ ਮੂੰਹ ਫੇਰ ਲੈਂਦੇ ਹਨ, ਉਨ੍ਹਾਂ ਵਾਰੇ ਗੁਰੂ ਸਾਹਿਬ ਨੇ ਕੀ ਲਿਖਿਆ ਹੈ ?

**ਬਾਪੂ ਜੀ** :

**ਸਤਿਗੁਰ ਤੇ ਜੋ ਮੁਹ ਫੇਰਹਿ, ਮਥੇ ਤਿਨ ਕਾਲੇ।।**
**ਅਨਦਿਨੁ ਦੁਖ ਕਮਾਵਦੇ, ਨਿਤ ਜੋਹੇ ਜਮਜਾਲੇ।।**
**ਸੁਪਨੈ ਸੁਖੁ ਨ ਦੇਖਨੀ, ਬਹੁ ਚਿੰਤਾ ਪਰਜਾਲੇ।।** (ਪੰਨਾ ੩੦)

**ਕੁਲਜੀਤ ਸਿੰਘ** : ਇਸ ਦਾ ਕੀ ਅਰਥ ਹੈ ?

**ਬਾਪੂ ਜੀ** : ਇਸ ਦਾ ਅਰਥ ਹੈ ਕਿ ਜਿਹੜੇ ਬੰਦੇ ਸਤਿਗੁਰੂ ਤੋਂ ਮੂੰਹ ਫੇਰ ਲੈਂਦੇ ਹਨ ਉਨ੍ਹਾਂ ਦੇ ਮੱਥੇ ਭ੍ਰਿਸ਼ਟੇ ਰਹਿੰਦੇ ਹਨ। ਉਨ੍ਹਾਂ ਨੂੰ ਆਪਣੇ ਅੰਦਰੋਂ ਫਿਟਕਾਰ ਹੀ ਪੈਂਦੀ ਰਹਿੰਦੀ ਹੈ। ਉਹ ਹਮੇਸ਼ਾਂ ਉਹੀ ਕਰਤੂਤਾਂ ਕਰਦੇ ਹਨ ਜਿਨ੍ਹਾਂ ਦਾ ਫ਼ਲ ਦੁੱਖ ਹੁੰਦਾ ਹੈ। ਉਹ ਸਦਾ ਜਮ ਦੇ ਜਾਲ ਵਿੱਚ, ਜਮ ਦੀ ਤਾੜਨਾ ਹੇਠ ਹੀ ਰਹਿੰਦੇ ਹਨ। ਉਨ੍ਹਾਂ ਨੂੰ ਸੁਪਨੇ ਵਿੱਚ ਵੀ


www.AKJ.Org

ਸੁੱਖ ਨਸੀਬ ਨਹੀਂ ਹੁੰਦਾ, ਬਹੁਤੀ ਚਿੰਤਾ ਉਨ੍ਹਾਂ ਨੂੰ ਸਾੜਦੀ ਰਹਿੰਦੀ ਹੈ।

**ਕੁਲਜੀਤ ਸਿੰਘ** : ਬਾਪੂ ਜੀ ! ਜੇ ਗੁਰੂ ਤੋਂ ਮੁੱਖ ਮੋੜਨ ਨਾਲ ਇਹ ਹਾਲ ਹੁੰਦਾ ਹੈ ਤਾਂ ਫੇਰ ਲੋਕੀ ਗੁਰੂ ਨੂੰ ਪਿੱਠ ਕਿਉਂ ਦੇ ਦਿੰਦੇ ਹਨ ?

**ਬਾਪੂ ਜੀ** : ਜਦੋਂ ਮਨੁੱਖ ਸਤਸੰਗਤਿ ਨੂੰ ਛੱਡ ਕੇ ਕੁਸੰਗਤ ਵਿੱਚ ਪੈ ਜਾਂਦਾ ਹੈ ਤਾਂ ਉਸ ਤੋਂ ਨਾਮ ਦਾ ਰੰਗ ਲਹਿਣਾ ਸ਼ੁਰੂ ਹੋ ਜਾਂਦਾ ਹੈ ਅਤੇ ਮਾਇਆ ਦਾ ਪਾਹ ਚੜ੍ਹਨ ਲੱਗ ਪੈਂਦਾ ਹੈ। ਜੈਸੀ ਸੰਗਤ ਤੈਸੀ ਰੰਗਤ।

**ਕੁਲਜੀਤ ਸਿੰਘ** : ਇਹ ਤਾਂ ਤੁਸੀਂ ਠੀਕ ਕਹਿੰਦੇ ਹੋ। ਹੁਣ ਇਹ ਦੱਸੋ ਕਿ ਅੰਮ੍ਰਿਤ ਛਕਣ ਦਾ ਮੁੱਖ ਲਾਭ ਕੀ ਹੈ ?

**ਬਾਪੂ ਜੀ** : ਅੰਮ੍ਰਿਤ ਛਕਣ ਦੇ ਲਾਭ ਹੀ ਲਾਭ ਹਨ।

ਮਨੁੱਖ ਨਿਗੁਰੇ ਤੋਂ ਗੁਰੂ ਵਾਲਾ (ਗੁਰਮੁਖ) ਬਣ ਜਾਂਦਾ ਹੈ ਜਿਵੇਂ ਇੱਕ ਇਸਤਰੀ ਵਿਆਹ ਕਰਵਾ ਕੇ ਨਿਖਸਮੀ ਤੋਂ ਖਸਮ ਵਾਲੀ ਹੋ ਕੇ ਸੁਹਾਗਣ ਕਹਾਉਣ ਲੱਗ ਪੈਂਦੀ ਹੈ। ਸਤਿਗੁਰੂ ਆਪਣੇ ਬਿਰਦ ਬਾਣੇ ਦੀ ਲਾਜ ਰੱਖਦਾ ਹੈ, ਉਹ "ਨਾਮ" ਦੀ ਦਾਤ ਬਖਸ਼ ਕੇ ਆਪਣੇ ਸਿੱਖ ਦੀ ਹਰ ਤਰ੍ਹਾਂ ਮਦਦ ਕਰਦਾ ਹੈ। ਸੁਖਮਨੀ ਸਾਹਿਬ ਵਿੱਚ ਇਉਂ ਲਿਖਿਆ ਹੋਇਆ ਹੈ–

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।।**<br>
**ਸੇਵਕ ਕਉ ਗੁਰੁ ਸਦਾ ਦਇਆਲ।।**<br>
**ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।।**<br>
**ਗੁਰਬਚਨੀ ਹਰਿਨਾਮੁ ਉਚਰੈ।।**<br>
**ਸਤਿਗੁਰੁ ਸਿਖ ਕੇ ਬੰਧਨ ਕਾਟੈ।।**<br>
**ਗੁਰ ਕਾ ਸਿਖੁ ਬਿਕਾਰ ਤੇ ਹਾਟੈ।।**<br>
**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ।।**<br>
**ਗੁਰ ਕਾ ਸਿਖੁ ਵਡਭਾਗੀ ਹੇ।।**<br>
**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।।**<br>
**ਨਾਨਕ ਸਤਿਗੁਰੁ ਸਿਖ ਕਉ**<br>
**ਜੀਅ ਨਾਲਿ ਸਮਾਰੈ।।੧।।**

**ਕੁਲਜੀਤ ਸਿੰਘ** : ਇਸ ਸ਼ਬਦ ਦੇ ਕੀ ਅਰਥ ਹਨ ?

**ਬਾਪੂ ਜੀ** : ਸਤਿਗੁਰੂ ਸਿੱਖ ਦੀ ਰੱਖਿਆ ਕਰਦਾ ਹੈ। ਸਤਿਗੁਰੂ ਆਪਣੇ ਸੇਵਕ ਤੇ ਸਦਾ ਮਿਹਰ ਕਰਦਾ ਹੈ। ਸਤਿਗੁਰੂ ਆਪਣੇ ਸਿੱਖ ਦੀ ਭੈੜੀ ਮੱਤ ਰੂਪੀ ਮੈਲ ਦੂਰ ਕਰ ਦਿੰਦਾ ਹੈ ਕਿਉਂਕਿ ਸਿੱਖ ਆਪਣੇ ਸਤਿਗੁਰੂ ਦੇ ਉਪਦੇਸ਼ ਰਾਹੀਂ ਪ੍ਰਭੂ ਦਾ ਨਾਮ ਸਿਮਰਦਾ ਹੈ।

ਸਤਿਗੁਰੂ ਆਪਣੇ ਸਿੱਖ ਦੇ ਮਾਇਆ ਦੇ ਬੰਧਨ ਕੱਟ ਦਿੰਦਾ ਹੈ ਅਤੇ ਗੁਰੂ ਦਾ ਸਿੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ ਕਿਉਂਕਿ ਸਤਿਗੁਰੂ ਆਪਣੇ ਸਿੱਖ ਨੂੰ ਪ੍ਰਭੂ ਦਾ ਨਾਮ ਰੂਪੀ ਧਨ ਦਿੰਦਾ ਹੈ ਤੇ ਇਸ ਤਰ੍ਹਾਂ ਸਤਿਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ।

ਸਤਿਗੁਰੂ ਆਪਣੇ ਸਿੱਖ ਦਾ ਲੋਕ ਪਰਲੋਕ ਸਵਾਰ ਦਿੰਦਾ ਹੈ ਅਤੇ ਆਪਣੇ ਸਿੱਖ ਨੂੰ ਆਪਣੀ ਜਿੰਦ ਦੇ ਨਾਲ ਯਾਦ ਰੱਖਦਾ ਹੈ।

**ਕੁਲਜੀਤ ਸਿੰਘ** : ਇਸ ਤੋਂ ਛੁੱਟ ਅੰਮ੍ਰਿਤ ਛੱਕਣ ਦਾ ਹੋਰ ਕੀ ਲਾਭ ਹੈ ?

**ਬਾਪੂ ਜੀ** : ਸਤਿਗੁਰੂ ਅਰਜਨ ਦੇਵ ਜੀ ਨੇ ਇਕ ਬਹੁਤ ਪਤੇ ਦੀ ਗਲ ਆਪਣੀ ਬਾਣੀ ਵਿਚ ਲਿਖੀ ਹੈ। ਗੁਰੂ ਸਾਹਿਬ ਕਹਿੰਦੇ ਹਨ–

**"ਤਿਸੁ ਬਾਹੁੜਿ ਗਰਭਿ ਨ ਪਾਵਹੀ**<br>
**ਜਿਸੁ ਦੇਵਹਿ ਗੁਰ ਮੰਤਾ।"**

**ਕੁਲਜੀਤ ਸਿੰਘ** : ਇਸ ਦਾ ਕੀ ਮਤਲਬ ?

**ਬਾਪੂ ਜੀ** : ਜਿਸ ਮਨੁੱਖ ਨੂੰ "ਗੁਰ-ਮੰਤ੍ਰ" ਮਿਲ ਜਾਂਦਾ ਹੈ, ਪ੍ਰਭੂ ਉਸ ਨੂੰ ਮੁੜ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪਾਉਂਦਾ ਭਾਵ ਉਸ ਦੀ ਚੁਰਾਸੀ ਕੱਟੀ ਜਾਂਦੀ ਹੈ।

**ਕੁਲਜੀਤ ਸਿੰਘ** : ਚੁਰਾਸੀ ਦਾ ਕੀ ਮਤਲਬ ?

**ਬਾਪੂ ਜੀ** : ਚੁਰਾਸੀ ਲੱਖ ਜੂਨਾਂ ਦਾ ਗੇੜ, ਕਦੇ ਖੋਤਾ, ਕਦੇ ਗਿਰਝ, ਕਦੇ ਸੂਰ ਤੇ ਕਦੇ ਸੱਪ ਆਦਿ।

**ਪ੍ਰਭਜੋਤ** : ਬਾਪੂ ਜੀ ! ਪਸ਼ੂਆਂ ਦੀ ਜੂਨ ਤਾਂ ਬਹੁਤ ਬੁਰੀ ਆ।ਖੋਤੇ ਤੇ ਭਾਰ ਲੱਦਿਆ ਹੁੰਦਾ ਆ, ਨਾਲੇ ਉਹਦੇ ਠਾਹ ਠਾਹ ਡੰਡੇ ਪੈਂਦੇ ਆ।

**ਬਾਪੂ ਜੀ** : ਜੇ ਤੁਸੀਂ ਚਾਹੁੰਦੇ ਹੋ ਕਿ ਸੱਪਾਂ ਸਪੋਲੀਆਂ, ਇੱਲ੍ਹਾਂ ਕਾਵਾਂ, ਕੁੱਤਿਆਂ, ਸੂਰਾਂ, ਖੋਤਿਆਂ ਆਦਿ ਦੀਆਂ ਜੂਨਾਂ ਵਿੱਚ ਨਾ ਪਿਆ ਜਾਏ ਤਾਂ ਅੰਮ੍ਰਿਤ ਛਕ ਕੇ "ਗੁਰ-ਮੰਤ੍ਰ" ਦੀ ਪ੍ਰਾਪਤੀ ਕਰੋ ਅਤੇ ਨਾਮ ਜਪ ਕੇ ਆਪਣਾ ਜਨਮ ਸਫਲ ਕਰੋ।

**ਕੁਲਜੀਤ ਸਿੰਘ** :ਕੱਲ੍ਹ ਗੁਰਦੁਆਰੇ ਵੀ ਏਹੋ ਜੇਹਾ ਸ਼ਬਦ ਵੀ ਪੜ੍ਹਦੇ ਸੀ–"**ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।**"

**ਬਾਪੂ ਜੀ** : ਬੱਚਿਓ ! ਮੇਰੇ ਸੌਣ ਦਾ ਵੇਲਾ ਹੋ ਗਿਆ ਹੈ, ਹੁਣ ਤੁਸੀਂ ਜਾਓ, ਕੱਲ੍ਹ ਫੇਰ ਮਿਲਾਂਗੇ।

ਬਾਪੂ ਜੀ ਨੂੰ "ਫਤਹ" ਬੁਲਾ ਕੇ ਸਾਰੇ ਬੱਚੇ "**ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ**" ਵਾਲੀ ਤੁਕ ਗਾਉਂਦੇ ਹੋਏ ਪੌੜੀਆਂ ਉਤਰ ਗਏ।

ਗੁਰਿ ਮੰਤ੍ਰੁ ਅਵਖਦੁ ਨਾਮੁ ਦੀਨਾ<br>
ਜਨ ਨਾਨਕ ਸੰਕਟ ਜੋਨਿ ਨ ਪਾਏ।। (ਪੰਨਾ ੧੦੦੨)<br>
(ਜਿਸ ਨੂੰ ਗੁਰੂ ਨੇ ਗੁਰਮੰਤ੍ਰ ਰੂਪ ਨਾਮ-ਦਾਰੂ ਦੇ ਦਿੱਤਾ ਉਹ ਮਨੁੱਖ ਚੌਰਾਸੀ ਲੱਖ ਜੂਨਾਂ ਦੇ ਕਲੇਸ਼ ਨਹੀਂ ਪਾਉਂਦਾ।)



www.AKJ.Org

### ਬੱਚਿਆਂ ਲਈ ਸਵਾਲ

1. ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ ?
2. ਕੜਾਹ ਪ੍ਰਸ਼ਾਦ ਨੂੰ ਪੰਚਾਮ੍ਰਿਤ ਕਿਉਂ ਕਿਹਾ ਜਾਂਦਾ ਹੈ ?
3. ਆਪੋ ਵਿੱਚ ਮਿਲਣ ਤੇ ਵਿਛੜਨ ਵੇਲੇ "ਸਤਿ ਸ੍ਰੀ ਅਕਾਲ" ਬੋਲਣੀ ਚਾਹੀਦੀ ਹੈ ਜਾਂ "ਵਾਹਿਗੁਰੂ ਜੀ ਕੀ ਫਤਹ" ?
4. "ਪਹਿਲੇ ਪੰਗਤ ਪਾਛੈ ਸੰਗਤ" ਦੀ ਰੀਤ ਕਿਸ ਗੁਰੂ ਸਾਹਿਬ ਨੇ ਤੋਰੀ ਅਤੇ ਕਿਉਂ ?
5. ਸਿੱਖਾਂ ਅੰਦਰ ਤਨਖਾਹ ਲਾਉਣ ਦਾ ਕੀ ਭਾਵ ਹੈ ? ਕੋਈ ਤਿੰਨ ਗੱਲਾਂ ਲਿਖੋ ਜਿਸ ਕਾਰਨ ਤਨਖਾਹ ਲਗਦੀ ਹੈ।

ਸਤੰਬਰ, ੧੯੯੫

ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਹੋਰ ਦੇ ਲਿਖ ਕੇ ਦਿੱਤੇ ਹੋਏ ਨਕਲ ਮਾਰ ਕੇ ਨਹੀਂ ਭੇਜ ਰਿਹਾ/ਰਹੀ।

ਬੱਚੇ ਦੇ ਦਸਖਤ ............................................

ਉਮਰ ............................................

ਕਿਸ ਕਲਾਸ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ?

............................................

ਨੋਟ:- 1. ਇਨ੍ਹਾਂ ਸਵਾਲਾਂ ਦੇ ਜਵਾਬ ੩੦ ਸਤੰਬਰ ੧੯੯੫ ਤੱਕ ਸੂਰਾ ਦਫਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। 2. ਜਵਾਬ ਸਪੱਸ਼ਟ ਤੇ ਸੰਖੇਪ ਹੋਣ। 3. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ; ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। 4. ਜਵਾਬ ਪੱਤਰ ਉੱਤੇ ਹੇਠਲਾ ਕੂਪਨ ਭਰ ਕੇ ਚਿਪਕਾਇਆ ਹੋਵੇ। 5. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। 6. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

### ਬੱਚਿਆਂ ਦੇ ਸਵਾਲ-ਜਵਾਬ ਜੁਲਾਈ, ੧੯੯੫ ਦਾ ਨਤੀਜਾ

ਪਹਿਲਾ ਦਰਜਾ : (1) ਨਵਦੀਪ ਸਿੰਘ ਮੋਗਾ। (2) ਗੁਰਪ੍ਰੀਤ ਸਿੰਘ, ਬਰਨਾਲਾ। ਦੂਜਾ ਸਥਾਨ : ਦਿਲਜੀਤ ਕੌਰ, ਰੋਪੜ।

**ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਸੰਬੰਧੀ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ।**

## ਗੁਰ-ਸੰਗਤ ਵਿਚ ਕਥਾ, ਕੀਰਤਨ ਤੇ ਪਾਠ ਦੀ ਸੇਵਾ

ਸਿੱਖ ਰਹਿਤ ਮਰਿਯਾਦਾ ਅਨੁਸਾਰ ਪੰਜ ਕਕਾਰੀ ਰਹਿਤ ਹਰ ਸਿੱਖ ਲਈ ਜ਼ਰੂਰੀ ਹੈ। ਗੁਰ-ਸੰਗਤ ਵਿਚ ਪਾਠ, ਕਥਾ, ਕੀਰਤਨ ਆਦਿ ਕਰਨ ਦਾ ਅਧਿਕਾਰੀ ਕੇਵਲ ਰਹਿਤਵਾਨ ਗੁਰਸਿੱਖ ਹੀ ਹੈ। ਹਰ ਗੁਰਸਿੱਖ ਨੂੰ ਇਸ ਗੱਲ ਦਾ ਪਾਬੰਦ ਹੋਣਾ ਚਾਹੀਦਾ ਹੈ।

ਸੰਪਾਦਕ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਹੇਠ ਲਿਖੇ ਪਤੇ ਤੋਂ ਬਿਨਾਂ ਕਿਸੇ ਭੇਟਾ ਦੇ ਮਿਲ ਸਕਦੇ ਹਨ। ਬਿਰਧ ਸਰੂਪਾਂ, ਗੁਟਕਿਆਂ ਆਦਿ ਦੀ ਸੇਵਾ ਦਾ ਵੀ ਪ੍ਰਬੰਧ ਹੈ।

ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ
ਪਿੰਡ ਛੋਟੀ ਜਵੱਦੀ ਨੇੜੇ ਨਹਿਰ ਦਾ ਪੁਲ
ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ।

FORM NO: LD-46

### ਰਿਸ਼ਤੇ ਨਾਤੇ

35 ਸਾਲਾ ਟੇਲਰ ਮਾਸਟਰ ਬੋਲਣ ਅਤੇ ਸੁਣਨ ਤੋਂ ਵਾਂਝਾ ਚੰਗਾ ਸਮਝਦਾਰ ਅਵਿਵਾਹਿਤ ਸਿੰਘ ਲਈ ਬੀਬੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਵਿਧਵਾ ਜਾਂ ਬੇਕਸੂਰ ਤਲਾਕਸ਼ੁਦਾ ਵੀ ਵੀਚਾਰਨਯੋਗ।

### ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | | | |
|---|---|---|---|---|---|
| ਭਾਈ ਅਵਤਾਰ ਸਿੰਘ ਜੀਵਨ ਸਿੰਘ ਨਿਊਜਰਸੀ | ੫੦੦੦ਰੁ | ਭਾਈ ਅਮਰਜੀਤ ਸਿੰਘ ਅਮਰੀਕਾ | ੧੦੦੧ਰੁ | ਕਾਕਾ ਪਰਦੀਪ ਸਿੰਘ ਲੁਧਿਆਣਾ | ੫੦ਰੁ |
| ਭਾਈ ਅਮਰਜੀਤ ਸਿੰਘ ਦਿੱਲੀ | ੨੦ਰੁ | ਭਾਈ ਹਰਨਾਮ ਸਿੰਘ ਦਿੱਲੀ | ੨੦ਰੁ | ਬੀਬੀ ਨਰਿੰਦਰ ਕੌਰ ਲੁਧਿਆਣਾ | ੫੦ਰੁ |
| ਭਾਈ ਬਲਵੰਤ ਸਿੰਘ ਦਿੱਲੀ | ੨੦ਰੁ | ਗੁਪਤ | ੫੦੦ਰੁ | ਬੀਬੀ ਸਤਨਾਮ ਕੌਰ ਜੈਪੁਰ ਦੇ ਤੇਗ | |
| ਸ੍ਰ ਇੰਦਰਜੀਤ ਸਿੰਘ ਮੋਹਾਲੀ | ੫੦ਰੁ | ਭਾਈ ਹਰਇਕਬਾਲ ਸਿੰਘ ਕੈਨੇਡਾ | ੧੦੭੭.੫੯ਰੁ | ਸਮੇ ਪ੍ਰੀਵਾਰ ਵੱਲੋ | ੨੦੧ਰੁ |
| ਸ੍ਰ ਜਸਵਿੰਦਰ ਸਿੰਘ ਮਾਨਚੈਸੱਟਰ | ੪੮੦੦ਰੁ | ਸ੍ਰ: ਗੁਰਚਰਨ ਸਿੰਘ ਵਾਰਾਨਸੀ | ੪੨੦ਰੁ | | |

www.AKJ.Org

Regd. No. R.N./12245/66 SURA/September/95 P.O. Regd. No. PB/LD/121/95

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1 ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ ਸਮਾਗਮ ਸੰਬੰਧੀ ਸੂਚਨਾ ਸੰਬੰਧਤ ਪਰਚੇ ਦੇ ਮਹੀਨੇ ਤੋਂ ਘੱਟੋ ਘੱਟ ਇੱਕ ਮਹੀਨਾ ਪਹਿਲਾ ਜ਼ਰੂਰ ਹੀ ਸੂਰਾ ਦਫ਼ਤਰ ਵਿਖੇ ਪਹੁੰਚ ਜਾਣੀ ਚਾਹੀਦੀ ਹੈ ਤਾ ਹੀ ਉਹ ਸੂਚਨਾ 'ਸੂਰਾ' ਪੱਤਰ ਵਿੱਚ ਛਪ ਸਕੇਗੀ। ਭਾਵ ਨਵੰਬਰ ਦੇ ਪਰਚੇ ਵਿੱਚ ਛਪਣ ਵਾਲੀ ਸੂਚਨਾ ਇੱਕ ਅਕਤੂਬਰ ਤੋਂ ਪਹਿਲਾ ਪਹਿਲਾਂ ਸੂਰਾ ਦਫ਼ਤਰ ਵਿੱਚ ਪਹੁੰਚ ਜਾਵੇ। ਆਪ ਜੀ ਦਾ ਧੰਨਵਾਦੀ ਹੋਵਾਂਗਾ। 2. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 3. ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। 4. ਮਨੀਆਰਡਰ ਫ਼ਾਰਮ ਉਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਸੰਪਾਦਕ

---

**ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ ਸਲਾਨਾ ਰੈਣਿ ਸਬਾਈ ਕੀਰਤਨ ੯ ਸਤੰਬਰ ਰਾਤ ਨੂੰ।**

**ਗੁ: ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਫੀਲਡ ਗੰਜ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੧੬ ਸਤੰਬਰ ਰਾਤ ਨੂੰ।**

**ਯਮੁਨਾਨਗਰ (ਹਰਿਆਣਾ) ਵਿਖੇ ਅਖੰਡ ਕੀਰਤਨ ਸਮਾਗਮ ੧੪ ਤੋਂ ੧੭ ਸਤੰਬਰ ੧੯੯੫ (ਵੇਰਵਾ ਪਿਛਲੇ ਅੰਕ ਵਿੱਚ ਦੇਖੋ)।**

**ਮਾਸਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪਿੰਡ ਰਾਮਗੜ੍ਹ, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ੨੩ ਸਤੰਬਰ ਰਾਤ ਨੂੰ।**

---

**ਗੁ: ਪਾ: ੬. ਪੁਲ ਪੁਖਤਾ ਟਾਂਡਾ ਉੜਮੁੜ (ਹੁਸ਼ਿਆਰਪੁਰ) ਵਿਖੇ ਸਲਾਨਾ ਸਮਾਗਮ**

30 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਇਕ ਵਜੇ ਤੱਕ। ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ।

---

**ਬਠਿੰਡਾ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ ੨੯ ਸਤੰਬਰ ਤੋਂ ੨ ਅਕਤੂਬਰ ਤੱਕ।**

ਭਾਈ ਹਰਜਿੰਦਰ ਸਿੰਘ ਦੇ ਗ੍ਰਿਹਿ ਗਲੀ ਨੰ: 3 ਹਰਬੰਸ ਨਗਰ ਨੇੜੇ ਆਈ. ਟੀ. ਆਈ. ਡੱਬਵਾਲੀ ਰੋਡ ਵਿਖੇ 1 ਅਕਤੂਬਰ ਐਤਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਸ਼ਾਮ 7 ਵਜੇ ਅਰੰਭ ਰੈਣਿ ਸਬਾਈ ਕੀਰਤਨ 2 ਅਕਤੂਬਰ ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ।

ਵਿਸ਼ੇਸ਼ ਸੂਚਨਾ : ਬਾਹਰੋਂ ਆਈਆਂ ਸੰਗਤਾਂ ਲਈ 1 ਅਕਤੂਬਰ ਦੁਪਹਿਰ ਬਾਅਦ ਤਲਵੰਡੀ ਸਾਬੋ ਵਿਖੇ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਵਿਸ਼ੇਸ਼ ਪ੍ਰਬੰਧ ਹੋਵੇਗਾ।

---

**ਦਿੱਲੀ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ੨੯ ਸਤੰਬਰ ਸ਼ਾਮ ਤੋਂ ੩ ਅਕਤੂਬਰ ਸਵੇਰ ਤੱਕ**

| ਸਵੇਰ | (5 ਵਜੇ ਤੋਂ ਦੁਪਹਿਰ ਤੱਕ) | ਸ਼ਾਮ (7 ਤੋਂ 9 ਤੱਕ) |
|---|---|---|
| 29-9-95 ਸ਼ੁਕਰਵਾਰ | ------- | ਗੁ: ਸ੍ਰੀ ਗੁਰੂ ਸਿੰਘ ਸਭਾ, ਗੁ: ਰੋਡ, ਕਰੋਲ ਬਾਗ। |
| 30-9-95 ਸ਼ਨੀਵਾਰ | ਗੁ: ਸੀਸ ਗੰਜ ਸਾਹਿਬ | ਗੁ: ਨਾਨਕ ਪਿਆਓ ਸਾਹਿਬ। |
| 1-10-95 ਐਤਵਾਰ | ਗੁ: ਬੰਗਲਾ ਸਾਹਿਬ | ਗੁ: ਬੰਗਲਾ ਸਾਹਿਬ। |
| 2-10-95 ਸੋਮਵਾਰ | ਗੁ: ਬੰਗਲਾ ਸਾਹਿਬ | ਗੁ: ਰਕਾਬ ਗੰਜ ਸਾਹਿਬ-ਕੀਰਤਨ ਰੈਣਿ ਸਬਾਈ। |

3-10-95 ਮੰਗਲਵਾਰ ਭੋਗ ਰੈਣਿ ਸਬਾਈ ਕੀਰਤਨ ਸਵੇਰੇ 6 ਵਜੇ।

ਅੰਮ੍ਰਿਤ ਸੰਚਾਰ : 2-10-95 ਸ਼ਾਮ 7 ਵਜੇ ਆਰੰਭ ਗੁ: ਰਕਾਬ ਗੰਜ ਸਾਹਿਬ ਵਿਖੇ।

ਰਿਹਾਇਸ਼ ਤੇ ਲੰਗਰ : ਗੁਰੂ ਤੇਗ ਬਹਾਦਰ ਖਾਲਸਾ ਹਾਇਰ ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿੱਲੀ।

ਦਾਸਰੇ : ਅਖੰਡ ਕੀਰਤਨ ਜੱਥਾ ਦਿੱਲੀ।

---

**ਅਨੰਦਪੁਰ ਸਾਹਿਬ ਵਿਖੇ ਰੈਣਿ ਸਬਾਈ ਅਖੰਡ ਕੀਰਤਨ ਸਮਾਗਮ ੧੫ ਅਕਤੂਬਰ ਐਤਵਾਰ ਰਾਤ ਨੂੰ।**

ਭਾਈ ਹਰਸ਼ਰਨ ਸਿੰਘ ਜੈਪੁਰ ਵਾਲਿਆਂ ਵੱਲੋਂ ਆਪਣੀ ਬੱਚੀ ਦੇ ਅਨੰਦ ਕਾਰਜ ਨਮਿਤ ਰੈਣਿ ਸਬਾਈ ਕੀਰਤਨ ਗੁ: ਕਿਲਾ ਫ਼ਤਿਹਗੜ੍ਹ ਸਾਹਿਬ ਵਿਖੇ ਹੋਣਗੇ।

---

**ਮੋਗਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ**

19-10-95 ਸਵੇਰੇ 4.30 ਤੋਂ 7.30 ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਬੀਬੀ ਕਾਹਨ ਕੌਰ।
ਸ਼ਾਮ 6 ਤੋਂ 10 ਕੀਰਤਨ ਗੁ: ਪਾ: ਛੇਵੀਂ ਪਿੰਡ ਸਲੀਨਾ (5.30 ਵਜੇ ਗੱਡੀ ਸੰਗਤਾਂ ਨੂੰ ਲਿਜਾਏਗੀ)
20-10-95 ਸਵੇਰੇ 6 ਤੋਂ 9 ਅਖੰਡ ਕੀਰਤਨ ਗੁ: ਬਾਬਾ ਮੱਲ ਸਿੰਘ ਜੀ ਪੁਰਾਣਾ ਮੋਗਾ।
ਉਪਰੰਤ 10 ਵਜੇ ਰਵਾਨਗੀ ਗੁ: ਮਿ ੲਆਣਾ ਸਾਹਿਬ ਲਈ ਉਥੇ 11 ਤੋਂ 1 ਵਜੇ ਤੱਕ ਅਖੰਡ ਕੀਰਤਨ ਹੋਣਗੇ।
ਸ਼ਾਮ 5.30 ਤੋਂ 9 ਅਖੰਡ ਕੀਰਤਨ ਗੁ: ਕਰਤਾ ਭਵਨ ਸਿਵਲ ਲਾਈਨਜ਼ ਵਿਖੇ।
21-10-95 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ ਗੁ: ਬੀਬੀ ਕਾਹਨ ਕੌਰ।
ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਗੁ: ਬੀਬੀ ਕਾਹਨ ਕੌਰ ਵਿਖੇ।

ਅੰਮ੍ਰਿਤ ਸੰਚਾਰ - 21 ਅਕਤੂਬਰ ਸ਼ਾਮ 7 ਵਜੇ ਗੁ: ਬੀਬੀ ਕਾਹਨ ਕੌਰ ਵਿਖੇ ਅਰੰਭ ਹੋਣਗੇ। *ਦਾਸਰੇ: ਅਖੰਡ ਕੀਰਤਨ ਜੱਥਾ, ਮੋਗਾ*

---

**ਤਰਨਤਾਰਨ ਵਿਖੇ ਬਾਉ ਮੱਲ ਸਿੰਘ ਜੀ ਦੀ ਯਾਦ ਵਿਚ ਸਲਾਨਾ ਸਮਾਗਮ ੨੦ ਤੋਂ ੨੨ ਅਕਤੂਬਰ**

SURA (Monthly) KOTHI No. 12, BLOCK-1, BHAI RANDHIR SINGH NAGAR, LUDHIANA 141001

www.AKJ.Org